ਅੱਜ ਦੀ ਆਵਾਜ਼

# ਪੰਜਾਬ ਵੱਲੋਂ ਸਵੈ-ਰੁਜ਼ਗਾਰ ਲਈ ਬੇਰੁਜ਼ਗਾਰ ਅਨੁਸੂਚਿਤ ਜਾਤੀ ਦੇ ਨੌਜਵਾਨਾਂ ਨੂੰ 10 ਲੱਖ ਦੇ ਕਰਜ਼ੇ ਦੀ ਪੇਸ਼ਕਸ਼

ਚੰਡੀਗੜ੍ਹ, 16 ਜਨਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਅਨੁਸੂਚਿਤ ਜਾਤਾਂ ਅਤੇ ਪਿਛੜੀਆਂ ਸ੍ਰੇਣੀਆਂ ਦੀ ਭਲਾਈ ਬਾਰੇ ਵੱਖ-ਵੱਖ ਭਲਾਈ ਸਕੀਮਾਂ ਦੇ ਉਨ੍ਹਾਂ ਤੱਕ ਲਾਭ ਪਹੁੰਚਣ ਦੇ ਸੰਬਧ ਵਿਚ ਨਿਗਰਾਨੀ ਰੱਖਣ ਲਈ ਸੰਸਥਾਈ ਵਿਧੀ ਵਿਧਾਨ ਤਿਆਰ ਕੀਤੇ ਜਾਣ ਦੀ ਜ਼ਰੂਰਤ 'ਤੇ ਜ਼ੋਰ ਦਿਤਾ ਹੈ। ਪੰਜਾਬ ਅਨੁਸੂਚਿਤ ਜਾਤਾਂ ਭੌਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵਲੋ ਪ੍ਰਕਾਸ਼ਤ ਇਕ ਕਿਤਾਬਚੇ ਨੂੰ ਜਾਰੀ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੀ ਰਾਜ ਵਿਚਲੀ 33 ਪ੍ਰਤੀਸ਼ਤ ਤੋਂ ਵੱਧ ਜਨਸੰਖਿਆ ਦੀ ਭਲਾਈ ਲਈ ਵੱਖ-ਵੱਖ ਸਕਿਮਾਂ ਹੇਠ ਕਰੋੜਾਂ ਰੁਪਏ ਜਾਰੀ ਕਰ ਰਹੀ ਹੈ ਅਤੇ ਇਸ ਕਰਕੇ ਇਹ ਜਰੂਰੀ ਬਣਦਾ ਹੈ ਕਿ ਫੰਡਾਂ ਦਾ ਇਹ ਲਾਭ ਮਿੱਥੀ ਜਨਸੰਖਿਆ ਤੱਕ ਲਾਜ਼ਮੀ ਤੌਰ 'ਤੇ ਪਹੁੰਚੇ। ਸ. ਬਾਦਲ ਨੇ ਦੱਸਿਆ ਕਿ ਪੰਜਾਬ ਵਿਚ ਦਲਿਤਾਂ ਦਾ ਜੀਵਨ ਪੱਧਰ ਉਚਾ ਚੁੱਕਣ ਲਈ ਪੰਜਾਬ ਸਰਕਾਰ ਵਲੋਂ ਕੋਈ ਕਸਰ ਬਾਕੀ ਨਹੀ ਛਡੀ ਜਾਵੇਗੀ। ਪੰਜਾਬ ਸਰਕਾਰ ਦੇ ਅਨੁਸੂਚਿਤ ਜਾਤੀਆਂ ਦੀ ਮਦਦ ਕਰਨ ਦੇ ਉਦੇਸ ਕਰਕੇ ਹੀ ਕਾਰਪੋਰੇਸ਼ਨ ਵਲੋ ਦਿਤੇ ਜਾਦੇ ਕਰਜੇ ਵਿਚ ਭਾਰੀ ਵਾਧਾ ਕੀਤਾ ਹੈ। ਹੁਣ ਅਨੁਸੂਚਿਤ ਜਾਤੀਆਂ ਦੇ ਵਿਅਕਤੀ ਆਪਣਾ ਕੰਮ/ਸਵੈ-ਰੁਜਗਾਰ ਸੁਰੂ ਕਰਨ ਲਈ ਘੱਟੋ-ਘੱਟ ਇਕ ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਕਾਰਪੋਰੇਸ਼ਨ ਤੋਂ ਕੇਵਲ 8 ਪ੍ਰਤੀਸ਼ਤ ਦੀ ਵਿਆਜ ਦਰ ਨਾਲ ਕਰਜ਼ਾ ਪ੍ਰਾਪਤ ਕਰ ਸਕਦੇ ਹਨ। ਉਹਨਾਂ ਅਗੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਦੇ ਹੋਣ-ਹਾਰ ਵਿਦਿਆਰਥੀਆਂ ਨੂੰ ਉਚੇਰੀ ਪੜ੍ਹਾਈ ਲਈ 5 ਲੱਖ ਰੁਪਏ ਤੱਕ ਦਾ ਅਸਾਨ ਕਿਸ਼ਤਾਂ 'ਤੇ ਕਰਜਾ ਉਪਲਬੱਧ ਕਰਵਾਇਆ ਜਾ ਰਿਹਾ ਹੈ। ਸ. ਬਾਦਲ ਨੇ ਇਹ ਵੀ ਦੱਸਿਆ ਕਿ ਕਾਰਪੋਰੇਸ਼ਨ ਵਲੋ ਦਲਿਤਾਂ ਦੀ ਭਲਾਈ ਲਈ ਅਤੇ ਉਹਨਾ ਦੇ ਆਰਥਕ ਪੱਧਰ ਤੇ ਆਤਮ ਨਿਰਭਰ ਹੋਣ ਲਈ ਅਤੇ ਰਿਵਾਇਤੀ ਧੰਦਿਆਂ ਵਿਚੋ ਬਾਹਰ ਕਢਣ ਲਈ ਵੱਖ-ਵੱਖ ਏਜੰਸੀਆਂ/ਡੀਲਰਸਿਪਾਂ/ਪੈਟਰੋਲ ਪੰਪਾਂ/ਰੈਸਟੋਰੈਟਾਂ/ਸਾਇਬਰ ਕੈਫੇ ਦੇ ਕੰਮਾਂ ਲਈ ਵੀ 2 ਲੱਖ ਰੁਪਏ ਤੋ 5 ਲੱਖ ਰੁਪਏ ਤੱਕ ਕਰਜਾ ਉਪਲਬਧ ਕਰਵਾ ਰਹੀ ਹੈ। ਇਸ ਮੌਕੇ 'ਤੇ ਉਪ ਮੁੱਖ ਮੰਤਰੀ ਦਾ ਧੰਨਵਾਦ ਕਰਦੇ ਹੋਏ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਪਵਨ ਕੁਮਾਰ ਟੀਨੂ ਨੇ ਦੱਸਿਆ ਕਿ ਉਹ ਕਾਰਪੋਰੇਸ਼ਨ ਦਾ ਕੰਮ-ਕਾਜ ਦਰੁਸਤ ਕਰਨ ਵਿੱਚ ਲੱਗੇ ਹੋਏ ਹਨ ਤਾਂ ਜੋ ਕਰਜ਼ੇ ਦੀ ਮੰਨਜੂਰੀ ਵਿੱਚ ਤੇਜੀ ਲਿਆਦੀ ਜਾ ਸਕੇ। ਉਨ੍ਹਾਂ ਕਿਹਾ ਕਿ ਮੌਜੂਦਾ ਅਕਾਲੀ ਸਰਕਾਰ ਵਲੋ ਕਾਰਪੋਰੇਸ਼ਨ ਨੂੰ 5 ਕਰੋੜ ਰੁਪਏ ਦੀ ਹਿੱਸਾ ਪੂੰਜੀ ਜਾਰੀ ਕੀਤੀ ਜਾ ਚੁੱਕੀ ਹੈ।ਇਸ ਮੌਕੇ ਅਨੁਸੂਚਿਤ ਜਾਤਾਂ ਅਤੇ ਪਿਛੜੀਆਂ ਸ੍ਰੇਣੀਆਂ ਦੀ ਭਲਾਈ ਦੇ ਸਕੱਤਰ ਸ੍ਰੀ ਟੀ.ਆਰ ਸਰੰਗਲ ਵੀ ਹਾਜਰ ਸਨ।

# ਕਾਂਗਰਸੀ ਆਗੂਆਂ ਵਲੋਂ ਲੰਗਰ ਦੀ ਸੇਵਾ ਬਾਰੇ ਟਿੱਪਣੀਆਂ ਘਟੀਆ ਰਾਜਨੀਤੀ ਤੋਂ ਪ੍ਰੇਰਿਤ-ਢੀਂਡਸਾ

ਚੰਡੀਗੜ੍ਹ 16 ਜਨਵਰੀ (ਵਿਸ਼ਵ ਵਾਰਤਾ)-ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਅਤੇ ਸਾਬਕਾ ਕੇਂਦਰੀ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਨੇ ਮਾਘੀ ਮੇਲੇ 'ਤੇ ਮੁਕਤਸਰ ਦੀ ਧਰਤੀ ਉਪਰ ਲਾਈਆਂ ਰਾਜਸੀ ਸਟੇਜਾਂ ਸਮੇਂ ਕਾਂਗਰਸ ਦੇ ਆਗੂ ਸ. ਜਗਮੀਤ ਸਿੰਘ ਬਰਾੜ ਵਲੋਂ ਸਰਦਾਰਨੀ ਸੁਰਿੰਦਰ ਕੌਰ ਬਾਦਲ ਅਤੇ ਉਨਾਂ ਵਲੋਂ ਕੀਤੀਆਂ ਜਾ ਰਹੀਆਂ ਪੰਥਕ ਸੇਵਾਵਾਂ ਪ੍ਰਤੀ ਕੀਤੀਆਂ ਟਿੱਪਣੀਆਂ ਨੂੰ ਬੇਹੱਦ ਮੰਦਭਾਗਾ, ਅਤਿ-ਨਿੰਦਣਯੋਗ ਅਤੇ ਘਟੀਆ ਰਾਜਨੀਤੀ ਦਾ ਪ੍ਰਗਟਾਵਾ ਕਰਾਰ ਦਿੱਤਾ। ਅੱਜ ਪਾਰਟੀ ਦੇ ਮੁੱਖ ਦਫ਼ਤਰ ਤੋਂ ਜਾਰੀ ਕੀਤੇ ਇੱਕ ਬਿਆਨ ਵਿੱਚ ਸ. ਢੀਂਡਸਾ ਨੇ ਕਿਹਾ ਕਿ ਅਜਿਹੀ ਬਿਆਨਬਾਜ਼ੀ ਨੂੰ ਰਾਜਨੀਤਕ ਕਦਰਾਂ-ਕੀਮਤਾਂ ਦੇ ਮੱਦੇਨਜ਼ਰ ਕਦੇ ਵੀ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੀ ਸਾਰਥਕ ਆਲੋਚਨਾ ਹਮੇਸ਼ਾ ਖਿੜੇ ਮੱਥੇ ਪ੍ਰਵਾਨ ਕੀਤੀ ਜਾਂਦੀ ਹੈ, ਪਰ ਨੀਂਵੇਂ ਦਰਜੇ ਦੀ ਸ਼ਬਦਾਵਲੀ ਵਰਤ ਕੇ ਪਰਿਵਾਰਕ ਮੈਂਬਰਾਂ ਦੇ ਖਿਲਾਫ਼ ਜਾਤੀ ਟਿੱਪਣੀਆਂ ਕਰਨੀਆਂ ਕਿਸੇ ਪੱਖੋਂ ਵੀ ਜਾਇਜ਼ ਨਹੀਂ। ਉਨ੍ਹਾ ਪੁੱਛਿਆ ਕਿ ਕੀ ਮਹਾਨ ਗੁਰੂ ਸਹਿਬਾਨ ਵਲੋਂ ਚਲਾਈ ਗਈ ਲੰਗਰ ਦੀ ਪ੍ਰਥਾ ਬਾਰੇ ਲੋਕਾਂ ਨੂੰ ਸੁਚੇਤ ਕਰਨਾ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਸੇਵਾ ਕਰਨ ਲਈ ਉਤਸ਼ਾਹਿਤ ਕਰਨਾ ਕੋਈ ਗੁਨਾਹ ਹੈ? ਜੇਕਰ ਨਹੀਂ ਤਾਂ ਫਿਰ ਅਜਿਹੇ ਕਾਰਜਾਂ ਤੋਂ ਪ੍ਰੇਰਨਾ ਲੈਣ ਦੀ ਥਾਂ ਇਸ ਉਪਰ ਟੀਕਾ-ਟਿੱਪਣੀ ਕਰਨਾ ਕਿਵੇਂ ਜਾਇਜ਼ ਮੰਨਿਆ ਜਾ ਸਕਦਾ ਹੈ? ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਕਾਂਗਰਸ ਦੇ ਲੀਡਰਾਂ ਨੇ ਨਾ ਸਿਰਫ਼ ਰਾਜਨੀਤਕ ਕਦਰਾਂ-ਕੀਮਤਾਂ ਨੂੰ ਸੱਟ ਮਾਰੀ ਹੈ, ਬਲਕਿ ਧਾਰਮਿਕ ਤੌਰ 'ਤੇ ਵੀ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਸ. ਢੀਂਡਸਾ ਨੇ ਅੱਗੇ ਕਿਹਾ ਕਿ ਸੇਵਾ ਦੇ ਕਾਰਜਾਂ ਦੀਆਂ ਗਤੀਵਿਧੀਆਂ ਨੂੰ ਰਾਜਨੀਤੀ ਨਾਲ ਜੋੜਨਾ ਸਰਾਸਰ ਗਲਤ ਹੈ। ਲੰਗਰ ਕਿਸੇ ਪਾਰਟੀ ਜਾਂ ਵਿਅਕਤੀ ਵਿਸ਼ੇਸ਼ ਵਾਸਤੇ ਨਹੀਂ ਸਗੋਂ ਸਮੁੱਚੀ ਸੰਗਤ ਵਾਸਤੇ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਹੋਰ ਵੀ ਮੰਦਭਾਗੀ ਗੱਲ ਹੈ ਕਿ ਇਹ ਕਾਰਵਾਈ ਉਸ ਪਵਿੱਤਰ ਅਸਥਾਨ 'ਤੇ ਕੀਤੀ ਗਈ, ਜੋ ਕੌਮ ਦੇ ਮਹਾਨ ਸ਼ਹੀਦਾਂ ਦੀ ਧਰਤੀ ਹੈ ਤੇ ਜਿੱਥੇ ਲੋਕ ਨਤਮਸਤਕ ਹੋ ਕੇ ਚੰਗੇ ਕਾਰਜਾਂ ਵਾਸਤੇ ਡਟਣ ਲਈ ਅਰਦਾਸ ਕਰਦੇ ਹਨ। ਅਖੀਰ ਵਿੱਚ ਉਨ੍ਹਾਂ ਕਿਹਾ ਕਿ ਲੰਗਰ ਦੀ ਸੇਵਾ ਵਰਗੇ ਮਹਾਨ ਕਾਰਜਾਂ ਵਾਸਤੇ ਲੋਕਾਂ ਵਿੱਚ ਉਤਸ਼ਾਹ ਪੈਦਾ ਕਰਨ ਲਈ ਜੋ ਯਤਨ ਸਰਦਾਰਨੀ ਸੁਰਿੰਦਰ ਕੌਰ ਬਾਦਲ ਨੇ ਕੀਤੇ ਹਨ, ਉਹ ਬੇਹੱਦ ਸ਼ਲਾਘਾਯੋਗ ਹਨ ਅਤੇ ਇਨ੍ਹਾਂ ਯਤਨਾਂ ਨਾਲ ਨੌਜਵਾਨ ਪੀੜੀ ਵਿੱਚ ਹੱਥੀਂ ਸੇਵਾ ਕਰਨ ਦੀ ਰੁਚੀ ਮੁੜ ਉਜਾਗਰ ਹੋਈ ਹੈ। ਇਸ ਲਈ ਅਗਰ ਕੋਈ ਵੀ ਵਿਅਕਤੀ ਨਿਰਸੁਆਰਥ ਹੋ ਕੇ ਅਜਿਹਾ ਸ਼ਲਾਘਾਯੋਗ ਉਦਮ ਕਰਦਾ ਹੈ ਤਾਂ ਉਸ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਨਾ ਕਿ ਘਟੀਆ ਰਾਜਨੀਤੀ ਖੇਡਣੀ ਚਾਹੀਦੀ ਹੈ। ਅਖੀਰ ਵਿੱਚ ਸ. ਢੀਂਡਸਾ ਨੇ ਆਸ ਪ੍ਰਗਟ ਕੀਤੀ ਕਿ ਭਵਿੱਖ ਵਿੱਚ ਕਾਂਗਰਸ ਦੇ ਆਗੂ ਪਰਿਵਾਰਕ ਮੈਂਬਰਾਂ ਵਿਰੁੱਧ ਅਜਿਹੇ ਬੇਤੁਕੇ, ਬੇਲੋੜੇ ਅਤੇ ਜਾਤੀ ਰੰਗਤ ਤੋਂ ਪ੍ਰੇਰਿਤ ਬਿਆਨ ਦੇਣ ਤੋਂ ਗੁਰੇਜ਼ ਕਰਨਗੇ।

# ਅੰਤਰ ਕਾਲਜ ਗੱਤਕਾ ਮੁਕਾਬਲੇ ਸੰਪੰਨ

ਤਲਵੰਡੀ ਸਾਬੋਂ, 16 ਜਨਵਰੀ (ਰਣਜੀਤ ਸਿੰਘ ਰਾਜੂ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ ਕਾਲਜ ਗੱਤਕਾ ਮੁਕਾਬਲੇ (ਮਹਿਲਾ ਅਤੇ ਪੁਰਸ਼) ਸਥਾਨਕ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਵਿਖੇ ਅੱਜ ਸੰਪੰਨ ਹੋ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਵੱਖੋ-ਵੱਖਰੇ ਕਾਲਜਾਂ ਦੀਆਂ 18 ਟੀਮਾਂ ਨੇ ਭਾਗ ਲਿਆ। ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡਣ ਦੀ ਰਸਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤਰਿਗ ਕਮੇਟੀ ਮੈਂਬਰ ਅਤੇ ਸੀਨੀਅਰ ਅਕਾਲੀ ਆਗੂ ਸ. ਮੋਹਨ ਸਿੰਘ ਬੰਗੀ ਨੇ ਅਦਾ ਕੀਤੀ, ਜਦੋਂਕਿ ਮਾਰਕਿਟ ਕਮੇਟੀ ਦੇ ਉਪ ਚੇਅਰਮੈਨ ਤੇਜਾ ਸਿੰਘ ਮਲਕਾਣਾ, ਬੀਬੀ ਦਵਿੰਦਰ ਕੌਰ ਅਤੇ ਸੁਰਜੀਤ ਸਿੰਘ ਰਾਏਪੁਰਾ (ਦੋਵੇਂ ਸ਼੍ਰੋਮਣੀ ਕਮੇਟੀ ਮੈਂਬਰ) ਸ. ਠਾਣਾ ਸਿੰਘ ਚੱਠਾ ਪ੍ਰਧਾਨ ਕੋਆਪ੍ਰੇਟਿਵ ਸੋਸਾਇਟੀ ਵਿਸ਼ੇਸ਼ ਮਹਿਮਾਨ ਵੱਜੋਂ ਹਾਜਰ ਹੋਏ। ਕਾਲਜ ਦੀ ਪ੍ਰਿੰਸੀਪਲ ਡਾ. ਇੰਦਰਜੀਤ ਕੌਰ ਦਿਓਲ ਨੇ ਪਹੁੰਚੇ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਅੱਜ ਹੋਏ ਫਾਈਨਲ ਮੈਚਾਂ ਤੋਂ ਬਾਅਦ ਭਾਰੀ ਨਤੀਜੇ ਅਨੁਸਾਰ ਸਟਿੱਕ ਫਾਈਟ (ਪੁਰਸ਼ਾਂ) ਦੇ ਮੁਕਾਬਲਿਆਂ ਵਿੱਚ ਪੰਜਾਬੀ ਯੂਨੀਵਰਿਸਟੀ ਪਟਿਆਲਾ ਫਸਟ ਨਰੂ ਮੈਮੋਰੀਅਲ ਕਾਲਜ ਮਾਨਸਾ ਸੈਕਿੰਡ ਤੇ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ ਅਤੇ ਗੁਰਮਤਿ ਕਾਲਜ ਪਟਿਆਲਾ ਨੇ ਤੀਜਾ ਸਥਾਨ ਹਾਸਲ ਕੀਤਾ। ਸਟਿੱਕ ਫਾਈਟ (ਮਹਿਲਾ) ਵਿੱਚ ਪਹਿਲਾ ਸਥਾਨ ਮਾਤਾ ਗੁਜਰੀ ਕਾਲਜ ਫਤਹਿਗੜ੍ਹ ਸਾਹਿਬ, ਦੂਜਾ ਸਥਾਨ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਤਲਵੰਡੀ ਸਾਬੋਂ ਤੇ ਤੀਜਾ ਸਥਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰਮਤਿ ਕਾਲਜ ਪਟਿਆਲਾ ਨੇ ਹਾਸਲ ਕੀਤਾ। ਇਨਾਮ ਵੰਡਣ ਸਮੇਂ ਆਪਣੇ ਸੰਬੋਧਨਾਂ ਵਿੱਚ ਸ. ਮੋਹਨ ਸਿੰਘ ਬੰਗੀ ਨੇ ਕਿਹਾ ਕਿ ਪੰਜਾਬ ਸਰਕਾਰ ਵਧਾਈ ਦੀ ਪਾਤਰ ਹੈ, ਜੋ ਗਤਕੇ ਵਰਗੀ ਖਾਲਸਾਈ ਖੇਡ ਨੂੰ ਉਤਸ਼ਾਹਤ ਕਰ ਰਹੀ ਹੈ। ਉਨ੍ਹਾਂ ਭਾਰਤੀ ਉਲੰਪਿਕ ਸੰਘ ਤੋਂ ਮੰਗ ਕੀਤੀ ਕਿ ਉਹ ਗਤਕੇ ਨੂੰ ਮਾਨਤਾ ਦੇ ਕ ਉਲੰਪਿਕ ਵਿੱਚ ਸ਼ਾਮਲ ਕਰੇ ਤਾਂ ਕਿ ਇਸਦੇ ਖਿਡਾਰੀਆਂ ਦਾ ਭਵਿੱਖ ਵੀ ਰੌਸ਼ਨ ਹੋ ਸਕੇ। ਪ੍ਰਿੰਸੀਪਲ ਡਾ. ਦਿਓਲ ਨੇ ਵਿਦਿਆਰਥੀਆਂ ਨੂੰ ਗਤਕੇ ਦੇ ਇਤਿਹਾਸ ਤੋਂ ਜਾਣੂੰ ਕਰਵਾਇਆ। ਇਸ ਮੌਕੇ ਜਿੱਥੇ ਪ੍ਰੋ. ਸੁਸ਼ਮਾ ਰਾਣੀ ਨੇ ਮੁਕਾਬਲਿਆਂ ਵਿੱਚ ਮੁੱਖ ਭੂਮਿਕਾ ਨਿਭਾਈ, ਉਥੇ ਸਟੇਜ ਦੀ ਕਾਰਵਾਈ ਪ੍ਰੋਫੈਸਰ ਮਨੋਰਮਾ ਸਮਾਘ ਅਤੇ ਪ੍ਰੋ. ਨਰਿੰਦਰ ਕੌਰ ਨੇ ਚਲਾਈ। ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਕਮਲਜੀਤ ਕੌਰ ਨੇ ਸਭਨਾਂ ਦਾ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ।

# ਦੁੱਧ ਪੈਦਾਵਾਰ ਵਧਾਉਣ ਲਈ ਵਿਆਪਕ ਯੋਜਨਾ-ਢਿੱਲੋਂ

ਲੁਧਿਆਣਾ ਜਨਵਰੀ 16 (ਰਾਜ ਜੋਸ਼ੀ) ਪੰਜਾਬ ਸਰਕਾਰ ਵਲੋ ਰਾਜ ਵਿੱਚ ਪਸ਼ੂਆਂ ਦੀ ਨਸਲ ਵਿੱਚ ਸੁਧਾਰ ਲਿਆਉਣ ਅਤੇ ਦੁੱਧ ਦੀ ਪੈਦਾਵਾਰ ਵਧਾਉਣ ਦੇ ਮਕ ਸਦ ਨਾਲ 15 ਕਿਲੋ ਤੋਂ ਵਧ ਦੁੱਧ ਦੇਣ ਵਾਲੀਆਂ ਮੱਝਾਂ ਦੇ ਕੱਟੇ 6000 ਰੁਪਏ ਪ੍ਰਤੀ ਕੱਟਾ ਅਤੇ 18 ਕਿਲੋ ਤੋਂ ਵੱਧ ਦੁੱਧ ਦੇਣ ਵਾਲੀਆਂ ਮੱਝਾਂ ਦੇ ਕੱਟੇ 10,000 ਰੁਪਏ ਪ੍ਰਤੀ ਕੱਟਾ ਖਰੀਦ ਕੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਉਪਰੰਤ ਪਿੰਡਾਂ ਦੀਆਂ ਪੰਚਾਇਤਾਂ ਅਤੇ ਬੇਰੋਜਗਾਰ ਨੌਜਵਾਨਾਂ ਨੂੰ ਘੱਟ ਕੀਮਤ ਤੇ ਵੇਚੇ ਜਾਣਗੇ। ਇਹ ਪ੍ਰਗਟਾਵਾ ਸ੍ਰ: ਸ਼ਰਨਜੀਤ ਸਿੰਘ ਢਿੱਲੋਂ ਚੇਅਰਮੈਨ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਨੇ ਅੱਜ ਪਿੰਡ ਜੰਡਿਆਲੀ ਵਿਖੇ ਭਾਰਤ ਦੀ ਜੰਗੇ ਆਜ਼ਾਦੀ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਏ ਸਰਵ ਪ੍ਰਥਮ ਕੂਕਾ ਅੰਦੋਲਨ ਦੇ 150 ਸਾਲਾ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਪਸ਼ੂ ਪਾਲਣ ਅਤੇ ਕੇਂਦਰ ਸਰਕਾਰ ਵੱਲੋਂ ਚਲਾਈ 'ਆਤਮਾ ਸਕੀਮ' ਤਹਿਤ ਪਸ਼ੂ ਭਲਾਈ-ਕਮ-ਜਾਗਰੂਕਤਾ ਕੈਂਪ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਤੇ ਬੋਲਦਿਆਂ ਸ੍ਰ: ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੇਰੋਜ਼ਗਾਰ ਵਿਅੱਕਤੀਆਂ ਨੂੰ ਡੇਅਰੀ ਧੰਦੇ ਦੀ 15 ਦਿਨਾਂ ਦੀ ਸਿਖਲਾਈ ਦੇ ਕੇ ਸੈਂਡ ਬਨਾਉਣ ਲਈ ਘੱਟ ਵਿਆਜ਼ ਦਰ ਤੇ 1.50 ਲੱਖ ਰੁਪਏ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪਿੰਡਾਂ ਵਿੱਚ ਘਟ ਰਹੀ ਖੇਤੀਯੋਗ ਜਮੀਨ ਕਾਰਣ ਡੇਅਰੀ ਆਦਿ ਸਹਾਇਕ ਧੰਦੇ ਅਪਨਾਉਣੇ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿੰ ਮੱਝਾਂ ਅਤੇ ਗਾਵਾਂ ਤੋਂ ਇਲਾਵਾ ਕੁੱਤੇ, ਘੋੜੇ ਆਦਿ ਰੱਖ ਕੇ ਵੀ ਆਰਥਿਕ ਹਾਲਤ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਪਸ਼ੂ-ਧਨ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਕੈਂਪਾਂ ਦਾ ਆਯੋਜਨ ਕਰਨਾ ਅਤੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਤੋਂ ਸੀਮਨ ਮੰਗਵਾਂ ਕੇ ਪਸ਼ੂ ਪਾਲਕਾਂ ਨੂੰ ਸਬਸਿਡੀ ਤੇ ਦਿੱਤਾ ਜਾ ਰਿਹਾ ਹੈ, ਜਿਸ ਨਾਲ ਗਾਵਾਂ ਦੀ ਨਸਲ ਵਿੱਚ ਸੁਧਾਰ ਆਵੇਗਾ ਅਤੇ ਰਾਜ ਵਿੱਚ ਦੁੱਧ ਦੀ ਪੈਦਾਵਾਰ ਵਿੱਚ ਵਾਧਾ ਹੋਵੇਗਾ ਅਤੇ ਰਾਜ ਦੀ ਆਰਥਿਕਤਾ ਹੋਰ ਮਜ਼ਬੂਤ ਹੋਵੇਗੀ। ਸ੍ਰ: ਅਜਮੇਰ ਸਿੰਘ ਲੱਖੋਵਾਲ ਚੇਅਰਮੈਨ ਪੰਜਾਬ ਮੰਡੀ ਬੋਰਡ ਨੇ ਇਸ ਮੌਕੇ ਤੇ ਰਾਜ ਵਿੱਚ ਪਸ਼ੂ-ਧਨ ਨੂੰ ਪ੍ਰਫੁੱਲਤ ਕਰਨ ਦੀ ਲੋੜ ਤੇ ਜ਼ੋਰ ਦਿੰਦਿਆਂ ਕਿਹਾ ਕਿ ਪਸ਼ੂ-ਧਨ ਦੀ ਮਜ਼ਬੂਤੀ ਨਾਲ ਰਾਜ ਦੀ ਆਰਥਿਕਤਾ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਵੱਖ-ਵੱਖ ਕਿੱਤਿਆਂ ਦੇ ਮਾਹਿਰਾਂ ਦੀ ਰਾਇ ਲੈ ਕੇ ਉਨ੍ਹਾਂ ਅਨੁਸਾਰ ਹੀ ਵੱਖ ਵੱਖ ਸਕੀਮਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਖੇਤੀ ਦੇ ਵਿਕਾਸ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਮੌਕੇ ਤੇ ਪਸ਼ੂਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਦੁੱਧ ਵਧਾਉਣ ਨਾਲ ਸਬੰਧਤ ਦਵਾਈਆਂ ਦੀਆਂ ਵੱਖ-ਵੱਖ ਸਟਾਲਾਂ ਦਾ ਵੀ ਨਿਰੀਖਣ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਸ. ਸੰਤਾ ਸਿੰਘ ਉਮੈਦਪੁਰੀ ਚੇਅਰਮੈਨ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ, ਨੇ ਕਿਹਾ ਕਿ ਲੋਕਾਂ ਵਿੱਚ ਪਸ਼ੂ-ਧਨ ਬਾਰੇ ਜਾਗਰੂਕਤਾ ਪੈਦਾ ਕਰਨੀ ਸਮੇ ਦੀ ਮੁੱਖ ਲੋੜ ਹੈ ਅਤੇ ਪਸ਼ੂ ਪਾਲਕਾਂ ਦੇ ਜਾਗਰੂਕ ਹੋਣ ਨਾਲ ਦੁੱਧ ਦੀ ਪੈਦਾਵਾਰ ਵਿੱਚ ਵਾਧਾ ਹੋਵੇਗਾ। ਇਸ ਮੌਕੇ ਤੇ ਬੋਲਦਿਆਂ ਸ੍ਰੀ ਵਿਕਾਸ ਗਰਗ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਕਿਹਾ ਕਿ ਮੁਕਤਸਰ ਵਿਖੇ ਲਗਾਏ ਗਏ ਇਸ ਵਰ੍ਹੇ ਦੇ ਪਸ਼ੂ ਮੇਲੇ ਵਿੱਚੋਂ ਲੁਧਿਆਣਾ ਜ਼ਿਲਾ ਪਹਿਲੇ ਨੰਬਰ ਤੇ ਆਇਆ ਹੈ ਅਤੇ ਜ਼ਿਲੇ ਨੇ ਬਹੁਤ ਸਾਰੇ ਇਨਾਮ ਪ੍ਰਾਪਤ ਕੀਤੇ ਹਨ। ਇਸ ਮੌਕੇ ਤੇ ਉਨ੍ਹਾਂ ਨੇ 42 ਇਨਾਮ ਜੇਤੂ ਪਸ਼ੂ-ਪਾਲਕਾਂ ਨੂੰ ਚੈਕ ਅਤੇ ਸਰਟੀਫੀਕੇਟ ਵੀ ਤਕਸੀਮ ਕੀਤੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸ. ਸੰਤਾ ਸਿੰਘ ਉਮੈਦਪੁਰੀ ਚੇਅਰਮੈਨ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ, ਸ੍ਰ: ਅਜਮੇਰ ਸਿੰਘ ਲੱਖੋਵਾਲ ਚੇਅਰਮੈਨ ਪੰਜਾਬ ਮੰਡੀ ਬੋਰਡ, ਸ੍ਰੀ ਵਿਕਾਸ ਗਰਗ ਡਿਪਟੀ ਕਮਿਸ਼ਨਰ ਲੁਧਿਆਣਾ, ਸ. ਅਜਮੇਰ ਸਿੰਘ ਭਾਗਪੁਰ ਚੇਅਰਮੈਨ ਮਿਲਕ ਪਲਾਂਟ, ਡਾ. ਜੋਗਿੰਦਰ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਸ. ਈਰਿੰਦਰ ਸਿੰਘ ਗਿੱਲ ਜੌਲੀ ਜਿਲਾ ਪ੍ਰਧਾਨ ਲਾਈਫ ਸਟਾਕ ਫਾਰਮਰਜ਼ ਐਸੋਸੀਏਸ਼ਨ, ਸ. ਬਲਸੇਰ ਸਿੰਘ ਢਿਲੋ, ਬਾਬਾ ਜਗਰੂਪ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਸਾਹਨੇਵਾਲ, ਸ. ਕਰਮਜੀਤ ਸਿੰਘ ਭੈਰੋਮੁੰਨਾ, ਸ. ਮੱਘਰ ਸਿੰਘ ਬੜੈਚ ਪ੍ਰਧਾਨ ਫਾਰਮਰਜ਼ ਐਸੋਸੀਏਸ਼ਨ, ਸ. ਜਸਵਿੰਦਰ ਸਿੰਘ ਢਿਲੋ ਜਨਰਲ ਸਕੱਤਰ, ਡਾ. ਅਸ਼ੋਕ ਸ਼ਰਮਾ ਪ੍ਰਧਾਨ ਵੈਟਰਨਰੀ ਐਸੋਸੀਏਸ਼ਨ, ਡਾ. ਜਤਿੰਦਰ ਸਿੰਘ, ਡਾ. ਪਰਮਜੀਤ ਸਿੰਘ ਮਾਨ, ਡਾ. ਸਰੂਪ ਸਿੰਘ, ਸ. ਜਸਵਿੰਦਰ ਸਿੰਘ ਧਨਾਨਸੂ, ਸ. ਕਸ਼ਮੀਰ ਸਿੰਘ ਨਾਮਧਾਰੀ, ਸ. ਤੇਜ ਸਿੰਘ ਸਰਪੰਚ, ਸੂਬੇਦਾਰ ਨਿਰਮਲ ਸਿੰਘ ਅਤੇ ਸੂਬਾ ਜਗੀਰ ਸਿੰਘ ਹਾਜਰ ਸਨ।

# ਕਣਕ ਦਾ ਭਾਅ 2170 ਰੁਪਏ ਮਿੱਥਣ ਦੀ ਮੰਗ

ਸੰਗਰੂਰ, 16 ਜਨਵਰੀ (ਛਾਜਲੀ)-ਭਾਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਸ. ਬਲਬੀਰ ਸਿੰਘ ਰਾਜੇਵਾਲ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਨਾਨਕਿਆਣਾ ਸਾਹਿਬ ਵਿੱਚ ਹੋਈ। ਜਿਸ ਮੀਟਿੰਗ ਵਿੱਚ ਦਿੱਲੀ ਵਿਖੇ 10 ਮਾਰਚ ਨੂੰ ਕਿਸਾਨ ਯੂਨੀਅਨ ਵੱਲੋਂ ਕਣਕ ਦੇ ਭਾਅ ਨੂੰ ਲੈ ਕੇ ਕੀਤੀ ਜਾ ਰਹੀ ਰੈਲੀ ਦੀ ਤਿਆਰੀ ਦੇ ਸਬੰਧ ਵਿੱਚ ਵਿਚਾਰਾਂ ਕੀਤੀਆਂ ਗਈਆਂ। ਸ. ਉਂਕਾਰ ਸਿਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਣਕ ਦੇ ਭਾਅ ਸਿਰਫ 20 ਰੁਪਏ ਦਾ ਵਾਧਾ ਕਰਕੇ ਕਿਸਾਨਾਂ ਨਾਲ ਧਰੋਹ ਕੀਤਾ ਹੈ, ਕਿਉਂਕਿ ਕਣਕ ਦਾ ਭਾਅ ਵਿਗਿਆਨਕ ਖਰਚੇ ਗਿਣ ਕੇ 2170 ਰੁਪਏ ਪ੍ਰਤੀ ਕੁਇੰਟਲ ਬਣਦਾ ਹੈ। ਕੇਂਦਰ ਵੱਲੋਂ ਹਰ ਵਾਰ ਭਾਅ ਘੱਟ ਮਿੱਥੀ ਜਾਣਕਾਰੀ ਕਿਸਾਨਾਂ ਨੂੰ ਦਿਨ-ਬ-ਦਿਨ ਕਰਜਾਈ ਕਰੀ ਜਾ ਰਿਹਾ ਹੈ। ਸ. ਨੇਕ ਸਿੰਘ ਮੀਤ ਪ੍ਰਧਾਨ ਨੇ ਕਿਸਾਨਾਂ ਦੀ ਦਿੱਲੀ ਵੱਧ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ। ਸ. ਗੁਰਮੀਤ ਸਿੰਘ ਕਪਿਆਲ ਮੀਤ ਪ੍ਰਧਾਨ ਪੰਜਾਬ ਨੇ ਦੱਸਿਆ ਕਿ 18 ਜਨਵਰੀ ਘਰਾਚੋਂ ਪਿੰਡ ਵਿੱਚ ਕਾਨਫਰੰਸ ਕੀਤੀ ਜਾ ਰਹੀ ਹੈ।

# ਰੇਲ ਗੱਡੀ ਦੀ ਟੱਕਰ ਨਾਲ ਸੈਕਸ਼ਨ ਇੰਜੀਨੀਅਰ ਦੀ ਮੌਤ

ਪਠਾਨਕੋਟ, 16 ਜਨਵਰੀ (ਜਥੇਦਾਰ, ਧਵਨ)-ਅੱਜ ਦੁਪਹਿਰ ਅੰਮ੍ਰਿਤਸਰ-ਪਠਾਨਕੋਟ ਟਰੇਨ ਨੰਬਰ 8 ਏ.ਈ.ਪੀ. ਜੋ ਕਿ ਪਠਾਨਕੋਟ ਤੋਂ ਅੰਮ੍ਰਿਤਸਰ ਨੂੰ ਜਾ ਰਹੀ ਸੀ ਕਿ ਪਿੰਡ ਭੜੋਲੀ ਕਲਾਂ ਵਿਖੇ ਰੇਲਵੇ ਟਰੈਕ ਉਤੇ ਕੰਮ ਕਰ ਰਹੇ ਸੈਕਸ਼ਨ ਇੰਜੀਨੀਅਰ ਪ੍ਰੇਮ ਨਾਥ ਵਾਸੀ ਅੰਮ੍ਰਿਤਸਰ ਦੀ ਟਰੇਨ ਨਾਲ ਟੱਕਰ ਹੋਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਰੇਲਵੇ ਟਰੈਕ ਰਿਪੇਅਰ ਸੈਕਸ਼ਨ ਇੰਜੀਨੀਅਰ ਪਰੇਮ ਨਾਥ ਜੋ ਕਿ ਆਪਣੀ ਮਸ਼ੀਨ ਤੇ ਬੈਠ ਕੇ ਪਿੰਡ ਭੜੋਲੀ ਕਲਾਂ ਵੱਲੋਂ ਪਠਾਨਕੋਟ ਵੱਲ ਟਰੈਕ ਚੈੱਕ ਕਰਦੇ ਹੋਏ ਆ ਰਿਹਾ ਸੀ ਕਿ ਦੂਜੇ ਪਾਸੇ ਪਠਾਨਕੋਟ ਤੋਂ ਅੰਮ੍ਰਿਤਸਰ ਜਾ ਰਹੀ ਟਰੇਨ ਨਾਲ ਉਸ ਦੀ ਸਿੱਧੀ ਟੱਕਰ ਹੋਣ ਕਰਕੇ ਇੰਜੀਨੀਅਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਰੇਲਵੇ ਪੁਲਿਸ ਨੇ ਧਾਰਾ 174-ਏ ਦੇ ਤਹਿਤ ਮਾਮਲਾ ਦਰਜ ਕਕੇ ਮ੍ਰਿਤਕ ਦੀ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ।

# ਹਾਕਰ ਨੂੰ ਸਦਮਾ, ਮਾਤਾ ਦੀ ਮੌਤ

ਗਿੱਦੜਬਾਹਾ, 16 ਜਨਵਰੀ (ਰਾਜੀਵ)-ਇੱਥੋਂ ਦੇ ਇੱਕ ਹਾਕਰ ਕ੍ਰਿਸਨ ਲਾਲ ਦੋਚਾਨੀਆਂ ਦੀ ਮਾਤਾ ਬੁਗਨੀ ਦੇਵੀ ਪਤਨੀ ਚੰਦੂ ਲਾਲ ਦਾ ਬਿਮਾਰੀ ਪਿੱਛੋਂ ਦੇਹਾਂਤ ਹੋ ਗਿਆ। ਇਨ੍ਹਾਂ ਦੀ ਉਮਰ 80-85 ਸਾਲ ਦੇ ਕਰੀਬ ਸੀ। ਬੁਗਨੀ ਦੇਵੀ ਪੋਤਿਆਂ ਦੋਹਤਿਆਂ ਵਾਲੀ ਸੀ। ਅੱਜ ਇਸ ਦੇ ਅੰਤਿਮ ਸੰਸਕਾਰ ਸਮੇਂ ਸੈਂਕੜੇ ਲੋਕ ਸ਼ਾਮਲ ਸਨ। ਇਨ੍ਹਾਂ ਦੀ ਮੌਤ 'ਤੇ ਦੁੱਖ ਪ੍ਰਗਟ ਦਾ ਇਜ਼ਹਾਰ ਗਿੱਦੜਬਾਹਾ ਦੇ ਹਾਕਰਾਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨੇ ਕੀਤਾ।

# ਹਾਦਸੇ 'ਚ ਦੋ ਜ਼ਖਮੀ

ਭਵਾਨੀਗੜ੍ਹ, 16 ਜਨਵਰੀ (ਲਖਵਿੰਦਰ ਪਾਲ ਗਰਗ)-ਸੰਗਰੂਰ-ਪਟਿਆਲਾ ਮੁੱਖ ਸੜਕ 'ਤੇ ਜੱਗਾ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਮੰਗਵਾਲ (ਸੰਗਰੂਰ) ਆਪਣੇ ਬਜਾਜ ਚੇਤਕ ਸਕੂਟਰ ਨੰਬਰ ਪੀ.ਬੀ. 13 ਸੀ 9576 ਦੇ ਭਵਾਨੀਗੜ੍ਹ ਵੱਲ ਨੂੰ ਜਾ ਰਿਹਾ ਸੀ, ਤਾਂ ਉਸ ਦੇ ਅੱਗੇ ਸਾਈਕਲ 'ਤੇ ਜਾ ਰਹੇ ਰਣਜੀਤ ਸਿੰਘ ਪੁੱਤਰ ਚਰਨ ਸਿੰਘ ਵਾਸੀ ਸਕਰੋਦੀ ਨਾਲ ਟੱਕਰ ਹੋ ਗਈ, ਜਿਸ ਕਾਰਨ ਦੋਵੇਂ ਤਿਲਕ ਕੇ ਮੁੱਖ ਸੜਕ 'ਤੇ ਡਿੱਗ ਪਏ ਤੇ ਉਦੋਂ ਹੀ ਭਵਾਨੀਗੜ੍ਹ ਤੋਂ ਸੁਨਾਮ ਨੂੰ ਜਾ ਰਹੀ ਹਰਿਆਣਾ ਰੋਡਵੇਜ਼ ਦੀ ਬੱਸ ਦੀ ਲਪੇਟ ਵਿੱਚ ਆਉਣ ਕਾਰਨ ਦੋਨੋ ਗੰਭੀਰ ਜ਼ਖਮੀ ਹੋ ਗਏ। ਜਿਨ੍ਹਾਂ ਨੂੰ ਸਥਾਨਿਕ ਹਾਈਵੇ ਪੈਟਰੋਲਿੰਗ ਦੇ ਕਰਮਚਾਰੀਆਂ ਨੇ ਸਥਾਨਿਕ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ।

# ਆਂਗਨਵਾੜੀ ਵਰਕਰਾਂ ਦੀਆਂ...

ਸਫਾ 1 ਦੀ ਬਾਕੀ

ਮਾਣ ਭੱਤੇ ਲਈ ਫੰਡਾਂ ਦੀ ਵਿਵਸਥਾ ਹੈ ਲਈ ਅਜਿਹਾ ਭੁਗਤਾਨ ਕਰਨ ਲਈ ਆਖਿਆ। ਸ. ਬਾਦਲ ਨੇ ਕਿਹਾ ਕਿ ਅਜਿਹਾ ਮਾਣ ਭੱਤਾ ਆਂਗਨਵਾੜੀ ਵਰਕਰਾਂ ਵਲੋ ਦਿਤੀ ਜਾਂਦੀ ਰੁਟੀਨ ਡਿਊਟੀ ਲਈ ਦਿਤੇ ਜਾਣ ਦੀ ਜ਼ਰੂਰਤ ਨਹੀ ਹੈ, ਜਿਸ ਲਈ ਕਿ ਰਾਜ ਸਰਕਾਰ ਪਹਿਲਾਂ ਹੀ 600/-ਰੁਪਏ ਪ੍ਰਤੀ ਮਹੀਨਾ ਅਦਾ ਕਰ ਰਹੀ ਹੈ। ਮੀਟਿੰਗ ਵਿਚ ਹਾਜ਼ਰ ਹੋਰਨਾਂ ਵਿਚ ਸਮਾਜਿਕ ਸੁਰਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਚੌਧਰੀ ਸਵਰਨਾ ਰਾਮ, ਪ੍ਰਮੁੱਖ ਸਕੱਤਰ ਸਮਾਜਿਕ ਸੁਰਖਿਆ ਸ੍ਰੀ ਮਨਦੀਪ ਸਿੰਘ ਸੰਧੂ, ਡਾਇਰੈਕਟਰ ਸਮਾਜਿਕ ਸੁਰਖਿਆ ਸ੍ਰੀ ਧਰਮ ਦਤ,ਜਾਇੰਟ ਡਾਇਰੈਕਟਰ ਅਤੇ ਡਿਪਟੀ ਡਾਇਰੈਕਟਰ ਸਮਾਜਿਕ ਸੁਰਖਿਆ ਸ੍ਰੀ ਨਛਤਰ ਸਿੰਘ ਅਤੇ ਰਜਨੀਸ਼ ਕੁਮਾਰ ਸਾਮਲ ਸਨ। ਆਂਗਨਵਾੜੀ ਯੂਨੀਅਨ ਦੇ ਵਫਦ ਵਿਚ ਇਸ ਦੀ ਜਰਨਲ ਸਕੱਤਰ ਸ੍ਰੀਮਤੀ ਹਰਜੀਤ ਕੌਰ, ਸ੍ਰੀਮਤੀ ਭਿੰਦਰ ਕੌਰ, ਸ੍ਰੀਮਤੀ ਅਮ੍ਰਿਤਪਾਲ ਕੌਰ ਅਤੇ ਕ੍ਰਿਸ਼ਨਾ ਦੇਵੀ ਸ਼ਾਮਲ ਸਨ।

# ਆਸਟ੍ਰੇਲੀਆ 'ਚ ਭਾਰਤੀਆਂ ..

ਸਫਾ 1 ਦੀ ਬਾਕੀ

ਮਾਮਲਾ ਨਾ ਮੰਨਦੇ ਹੋਏ ਉਥੇ ਆਉਣ ਤੋਂ ਇਨਕਾਰ ਕਰ ਦਿੱਤਾ। ਵਰਣਨਯੋਗ ਹੈ ਕਿ ਆਸਟ੍ਰੇਲੀਆ ਵਿਚ ਲਗਾਤਾਰ ਭਾਰਤੀਆਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਕੁਝ ਦਿਨ ਪਹਿਲਾਂ ਨਿਤਿਨ ਗਰਗ, ਰਣਜੋਤ ਸਿੰਘ ਦੀ ਉਥੇ ਹੱਤਿਆ ਕਰ ਦਿੱਤੀ ਗਈ ਸੀ।

# ਉਤਰ ਪ੍ਰਦੇਸ਼ 'ਚ ਦੋ ਟ੍ਰੇਨਾਂ...

ਸਫਾ 1 ਦੀ ਬਾਕੀ

ਹੋਰ ਜ਼ਖ਼ਮੀ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਲਵੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਕਾਲਿੰਦੀ ਐਕਸਪ੍ਰੈਸ ਨੇ ਅੱਜ ਸਵੇਰੇ ਦਿੱਲੀ ਤੋਂ ਕਾਨਪੁਰ ਜਾ ਰਹੀ ਸ਼ਰੱਮਸ਼ਕਤੀ ਐਕਸਪ੍ਰੈਸ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ, ਜਿਸ ਵਿਚ ਤਿੰਨ ਲੋਕ ਮਾਰੇ ਗਏ। ਇਸ ਹਾਦਸੇ ਵਿਚ ਸ਼ਰੱਮਸ਼ਕਤੀ ਐਕਸਪ੍ਰੈਸ ਦੀਆਂ ਪਿਛਲੀਆਂ ਦੋ ਬੋਗੀਆਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਹਾਲਾਂਕਿ ਰੇਲਵੇ ਨੇ ਹਾਦਸੇ ਦਾ ਕਾਰਨ ਨਹੀਂ ਦੱਸਿਆ ਹੈ। ਪਰ ਮੰਨਿਆ ਜਾ ਰਿਹਾ ਹੈ ਕਿ ਇਹ ਦੁਰਘਟਨਾ ਕੋਹਰੇ ਕਾਰਨ ਵਾਪਰੀ ਹੈ। ਵਰਣਨਯੋਗ ਹੈ ਕਿ ਸਾਲ ਦੀ ਸ਼ੁਰੂਆਤ ਵਿਚ ਹੀ ਉਤਰ ਪ੍ਰਦੇਸ਼ ਵਿਚ ਸੰਘਣੇ ਕੋਹਰੇ ਕਾਰਨ ਤਿੰਨ ਟ੍ਰੇਨ ਹਾਦਸਿਆਂ ਵਿਚ ਦਸ ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋਈ ਸੀ। ਇਸ ਦੌਰਾਨ ਰੇਲਵੇ ਮੰਤਰੀ ਮਮਤਾ ਬੈਨਰਜੀ ਨੇ ਅੱਜ ਵਾਪਰੇ ਇਸ ਹਾਦਸੇ ਵਿਚ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਮੁਆਵਜ਼ੇ ਦਾ ਐਲਾਨ ਕੀਤਾ ਹੈ, ਜਦੋਂਕਿ ਗੰਭੀਰ ਰੂਪ ਨਾਲ ਜ਼ਖ਼ਮੀਆਂ ਨੂੰ ਇਕ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ।

# ਆਈ.ਸੀ.ਆਈ.ਸੀ.ਆਈ ਬੈਂਕ ਨੂੰ ਇੱਕ ਲੱਖ ਦਾ ਜੁਰਮਾਨਾ

ਚੰਡੀਗੜ੍ਹ, 16 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਜ਼ਿਲ੍ਹਾ ਉਪਸਤਾ ਸ਼ਿਕਾਇਤ ਨਿਵਾਰਣ ਫੋਰਮ ਨੇ ਮੁਗਲੀ ਦੇ ਫੌਜ ਦੀ ਨਿਵਾਸੀ ਹਰਮੀਤ ਕੌਰ ਦੀ ਸ਼ਿਕਾਇਤ ਤੇ ਆਈ.ਸੀ.ਆਈ.ਸੀ.ਆਈ ਬੈਂਕ ਦੇ ਸੈਕਟਰ 9 ਵਿਖੇ ਸ਼ਾਖਾ ਦੇ ਪ੍ਰਬੰਧਨ ਵਿਰੁੱਧ ਦਰਜ ਮਾਮਲੇ ਤੇ ਨੋਟਿਸ ਲੈਂਦੇ ਹੋਏ ਬੈਂਕ ਦੀਆਂ ਸੇਵਾਵਾਂ ਵਿੱਚ ਚੌਕਸੀ ਕਾਰਨ ਸ਼ਿਕਾਇਤ ਕਰਤਾ ਤੇ ਜ਼ਿਆਦਾ ਵਸੂਲ 23000 ਰੁਪਏ ਵਾਪਸ ਕਰਨ ਦੇ ਨਾਲ ਮਾਨਸਿਕ ਰੂਪ ਤੇ ਪ੍ਰੇਸ਼ਾਨ ਕਰਨ ਤੇ ਇੱਕ ਲੱਖ ਕੁਪਏ ਦ ਹਰਜਾਨਾ ਲਾਇਆ, ਜੋ ਆਦੇਸ਼ ਦਿੱਤੇ ਹਨ। ਫੋਰਮ ਦੇ ਚੇਅਰਮੈਨ ਜਗਰੂਪ ਸਿੰਘ ਮਾਹਲ ਨੇ ਫੈਸਲਾ ਸੁਣਾਉਂਦੇ ਹੋਏ ਸੰਖੇਪ ਵਿੱਚ ਦੱਸਿਆ ਕਿ ਸ਼ਿਕਾਇਤ ਕਰਤਾ ਨੇ ਬੈਂਕ ਤੇ ਇੱਕ ਲੱਖ ਰੁਪਏ ਦਾ ਕਰਜਾ ਲਿਆ ਅਤੇ ਮਾਸਿਕ ਕਿਸ਼ਤਾਂ ਰਾਹੀਂ 1,00, 760 ਰੁਪਏ ਅਦਾ ਕੀਤੇ। ਇਸ ਤੋਂ ਇਲਾਵਾ 27480 ਰੁਪਏ ਦੀ ਰਾਸ਼ੀ ਬਾਅਦ ਵਿੱਚ 22 ਹਜ਼ਾਰ ਰੁਪਏ ਜਮ੍ਹਾਂ ਕਰਵਾਉਣ ਦੀ ਗੱਲ ਤੈਅ ਹੋਈ ਤਾਂ ਸ਼ਿਕਾਇਤ ਕਰਤਾ ਨੇ 22 ਜਨਵਰੀ 2008 ਨੂੰ ਉਕਤ ਰਾਸ਼ੀ ਅਦਾ ਕਰ ਦਿੱਤੀ। ਇਸ ਤੋਂ ਬਾਅਦ ਬੈਂਕ ਨੇ ਉਸ ਖਿਲਾਫ ਕੇਸ ਦਰਜ ਕਰਕੇ ਭੰਗੜਾ ਐਲਾਨ ਕੇ ਸ਼ਿਕਾਇਤ ਕਰਨ ਨੂੰ ਗ੍ਰਿਫਤਾਰ ਕਰਨ ਦੀ ਗੱਲ ਕਹੀ ਸੀ। ਇਸ ਸਾਰੇ ਮਾਮਲੇ ਨੂੰ ਜ਼ਿਲ੍ਹਾ ਉਪਭੋਗਤਾ ਸ਼ਿਕਾਇਤ ਨਿਵਾਰਣ ਫੋਰਮ ਵਿੱਚ ਚੈਲੇਂਜ ਕੀਤਾ। ਜਿਸ ਤੇ ਸੁਣਵਾਈ ਤੋਂ ਬਾਅਦ ਬੈਂਕ ਨੂੰ ਜੁਰਮਾਨਾ ਕੀਤਾ।

# ਮਾਨ ਦੀ ਧਰਮ ਪਤਨੀ ਨੂੰ ਸ਼ਰਧਾਂਜਲੀਆਂ

ਫਗਵਾੜਾ, 16 ਜਨਵਰੀ (ਜਸਵਿੰਦਰ ਢੱਡਾ)-ਸਾਬਕਾ ਕੈਬਨਿਟ ਮੰਤਰੀ ਸ੍ਰ. ਜੋਗਿੰਦਰ ਸਿੰਘ ਮਾਨਾ ਨੂੰ ਉਦੋਂ ਸਦਮਾ ਪਹੁੰਚਿਆ ਸੀ, ਜਦੋਂ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਬਲਜੀਤ ਕੌਰ ਮਾਨ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਗੁਰਦੁਆਰਾ ਸੁਖਚੈਨਿਆਣਾ ਸਾਹਿਬ ਫਗਵਾੜਾ ਵਿਖੇ ਪਾਏ ਗਏ। ਉਪਰੰਤ ਕੀਰਤਨ ਕੀਤਾ ਗਿਆ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ, ਜਿਨ੍ਹਾਂ ਵਿੱਚ ਪ੍ਰਮੁੱਖ ਸ੍ਰ. ਬੂਟਾ ਸਿੰਘ ਸਾਬਕਾ ਮੰਤਰੀ, ਸ੍ਰੀਮਤੀ ਸੰਤੋਸ਼ ਚੌਧਰੀ ਐਮ.ਪੀ., ਸ੍ਰ. ਸਰਵਣ ਸਿੰਘ ਫਿਲੌਰ ਪਾਰਲੀਮਾਨੀ ਸਕੱਤਰ, ਸ੍ਰ. ਚਰਨਜੀਤ ਸਿੰਘ ਅਟਵਾਲ ਸਾਬਕਾ ਡਿਪਟੀ ਸਪੀਕਰ ਲੋਕ ਸਭਾ, ਮਹਿੰਦਰ ਸਿੰਘ ਕੇ.ਪੀ., ਜਰਨੈਲ ਸਿੰਘ ਵਾਹਦ, ਗੁਰਮੀਤ ਸਿੰਘ, ਸਾਬਕਾ ਮੰਤਰੀ ਅਮਰਜੀਤ ਸਿੰਘ ਆਦਿ ਤੋਂ ਇਲਾਵਾ ਰਿਸ਼ਤੇਦਾਰ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂ ਹਾਜ਼ਰ ਸਨ।

# ਪਤਨੀ, ਸੱਸ ਤੇ ਸਾਂਢੂਆਂ ਉਪਰ ਅੱਗ ਲਾ ਕੇ ਸਾੜਨ ਦਾ ਦੋਸ਼

ਪਠਾਨਕੋਟ, 16 ਜਨਵਰੀ (ਧਵਨ, ਜਥੇਦਾਰ, ਜੰਡੀਰ)-ਇੱਕ ਵਿਅਕਤੀ ਉੱਪਰ ਮਿੱਟੀ ਦਾ ਤੇਲ ਸੁੱਟ ਕੇ ਅੱਗ ਲਾ ਦੇਣ ਦੇ ਦੋਸ਼ ਵਜੋਂ ਥਾਣਾ ਡਵੀਜ਼ਨ ਨੰਬਰ 2, ਪਠਾਨਕੋਟ ਦੀ ਪੁਲਿਸ ਨੇ ਉਸ ਦੀ ਪਤਨੀ ਤੇ ਸੱਸ ਸਮੇਤ 4 ਵਿਅਕਤੀਆਂ ਖਿਲਾਫ ਆਈ.ਪੀ.ਸੀ. ਧਾਰਾ 307 ਤਹਿਤ ਪਰਚਾ ਦਰਜ ਕਰ ਲਿਆ ਹੈ, ਜਦ ਕਿ ਘਟਨਾ ਨੂੰ ਅੰਜਾਮ ਦੇਣ ਬਾਅਦ ਸਾਰੇ ਕਥਿਤ ਦੋਸ਼ੀ ਫਰਾਰ ਹੋ ਗਏ ਹਨ ਤੇ ਝੁਲਸਿਆ ਹੋਇਆ ਵਿਅਕਤੀ ਗੰਭੀਰ ਹਾਲਤ ਵਿੱਚ ਇੱਥੇ ਪ੍ਰਾਈਵੇਟ ਹਸਪਤਾਲ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ। ਇਹ ਘਟਨਾ ਇੱਥੋਂ ਦੇ ਮੁਹੱਲਾ ਚਾਰ ਮਰਲਾ ਦੇ ਕੁਆਟਰਾਂ ਵਿੱਚ ਵਾਪਰੀ। ਝੁਲਸੇ ਹੋਏ ਵਿਅਕਤੀ ਰਜਨੀਸ਼ ਕੁਮਾਰ ਵਾਸੀ ਮੁਹਾਲਾ ਕ੍ਰਿਸ਼ਨ ਨਗਰ (ਭਦਰੋਆ) ਨੇ ਪੁਲਿਸ ਨੂੰ ਬਿਆਨਾਂ ਵਿੱਚ ਦੱਸਿਆ ਕਿ ਉਸ ਦੀ ਆਪਣੀ ਪਤਨੀ ਰੇਖਾ ਨਾਲ ਅਣਬਣ ਰਹਿੰਦੀ ਸੀ ਅਤੇ ਉਸ ਨੇ ਉਸ ਦਾ ਨੱਕ ਵਿੱਚ ਦਮ ਕਰ ਰੱਖਿਆ ਸੀ। ਪਤਨੀ ਦੀਆਂ ਸ਼ਰਤਾਂ ਨੇ ਉਸ ਦਾ ਘਰ ਵੀ ਵਿਕਾ ਦਿੱਤਾ। ਉਹ ਆਪਣੇ ਸਹੁਰੇ ਘਰ ਆ ਕੇ ਪਤਨੀ ਨਲ ਰਹਿਣ ਲੱਗ ਗਿਆ ਤਾਂ ਇਹ ਗੱਲ ਉਸ ਦੇ ਸਾਂਢੂ ਬਿੱਟੂ ਨੂੰ ਬਰਦਾਸ਼ਤ ਨਹੀਂ ਹੋਈ ਅਤੇ ਫਿਰ ਲੜਾਈ ਝਗੜਾ ਹੋ ਗਿਆ। ਅਖ਼ਰੀ 15 ਕੂ ਦਿਨ ਪਹਿਲਾਂ ਮੋਹਤਬਰ ਬੰਦਿਆਂ ਨੇ ਬੈਠ ਕੇ ਸਮਝੌਤਾ ਕਰਵਾ ਦਿੱਤਾ, ਜਿਸ ਦੇ ਤਹਿਤ ਰੇਖਾ ਆਪਣੇ ਸਹੁਰੇ ਘਰ ਰਹੇਗੀ ਅਤੇ ਉਹ ਬਾਹਰ ਕਿਧਰੇ। ਇੱਕ ਡੇਢ ਸਾਲ ਦਾ ਬੱਚਾ ਰੇਖਾ ਕੋਲ ਰਹੇਗਾ ਅਤੇ ਇੱਕ 5 ਸਾਲ ਦਾ ਬੱਚਾ ਉਸ (ਰਜਨੀਸ਼) ਕੋਲ ਤੇ ਉਹ ਜਦ ਚਾਹੇ ਡੇਢ ਸਾਲ ਦਾ ਬੱਚੇ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਆ ਸਕੇਗਾ। ਇਸ ਸਮਝੌਤੇ ਦੇ ਤਹਿਤ ਜਦ ਉਹ ਆਪਣੇ ਬੱਚੇ ਨੂੰ ਮਿਲਣ ਲਈ ਉਨ੍ਹਾਂ ਦੇ ਘਰ ਗਿਆ ਤਾਂ ਉਸ ਦੀ ਸੱਸ ਕਮਲਾ ਨੇ ਉਸ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਤੇ ਉਥੇ ਹੀ ਬੈਠੇ ਉਸ ਦੇ ਦੋ ਸਾਂਢੂਆਂ ਬਿੱਟੂ ਤੇ ਮਲਕੀਤ ਨੇ ਉਸ ਨੂੰ ਥੱਲੇ ਸੁੱਟ ਲਿਆ ਅਤੇ ਸੱਸ ਨੇ ਮਿੱਟੀ ਦਾ ਤੇਲ ਉਸ ਉਪਰ ਸੁੱਟ ਦਿੱਤਾ ਤੇ ਪਤਨੀ ਰੇਖਾ ਨੇ ਅੱਗ ਲਾ ਦਿੱਤੀ। ਜਾਂਚ ਅਧਿਕਾਰੀ ਸ੍ਰੀ ਅਸ਼ੋਕ ਸੈਣੀ ਏ.ਐਸ.ਆਈ. ਨੇ ਦੱਸਿਆ ਕਿ ਰਜਨੀਸ਼ ਕੁਮਾਰ 60 ਪ੍ਰਤੀਸ਼ਤ ਤੱਕ ਝੁਲਸ ਚੁੱਕਾ ਹੈ।

# ਸੱਜਣ ਖਿਲਾਫ਼ ਕੇਸ ਲੜਨ ਵਾਲੇ ਵਕੀਲ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ-ਸਰਨਾ

ਨਵੀਂ ਦਿਲੀ, 16, ਜਨਵਰੀ (ਅ.ਬ.)-ਸੀ ਬੀ ਆਈ ਵਲੋਂ ਨਵੰਬਰ-84 ਦੇ ਗਰਦਾਨੇ ਜਾਂਦੇ ਇਕ ਮੁਖ ਦੋਸ਼ੀ, ਸਜਣ ਕੁਮਾਰ ਦੇ ਵਿਰੁਧ ਦੋ ਮਾਮਲਿਆਂ ਵਿਚ ਚਾਰਜਸ਼ੀਟ ਦਾਖ਼ਲ ਕਰ ਦਿਤੇ ਜਾਣ ਤੇ, ਉਸਦੇ ਵਿਰੁਧ ਪੀੜਤਾਂ ਵਲੋਂ ਪ੍ਰਭਾਵੀ ਪੈਰਵੀ ਕੀਤੇ ਜਾਣ ਦੀ ਲੋੜ ਨੂੰ ਮੁਖ ਰਖਦਿਆਂ, ਇਹ ਮਹਿਸੂਸ ਕੀਤਾ ਜਾ ਰਿਹਾ ਹੈ, ਕਿ ਇਸਦੇ ਲਈ ਪ੍ਰਮੁਖ ਕਾਨੂੰਨਦਾਨਾਂ ਦੀਆਂ ਸੇਵਾਵਾਂ ਵੀ ਪ੍ਰਾਪਤ ਕੀਤੀਆਂ ਜਾਣ। ਇਸ ਗਲ ਦੇ ਮਦੇ-ਨਜ਼ਰ, ਜਦੋਂ ਸ ਪਰਮਜੀਤ ਸਿੰਘ ਸਰਨਾ ਪ੍ਰਧਾਨ, ਦਿਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਦਿਲੀ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਦਸਿਆ ਕਿ ਜਿਉਂ ਹੀ ਉਨ੍ਹਾਂ ਨੂੰ ਸਜਣ ਕੁਮਾਰ ਦੇ ਵਿਰੁਧ ਚਾਰਜਸ਼ੀਟ ਦਾਖ਼ਲ ਕੀਤੇ ਜਾਣ ਦਾ ਪਤਾ ਚਲਿਆ, ਤਾਂ ਉਨ੍ਹਾਂ ਨੇ ਉਸੇ ਸਮੇਂ ਪੀੜਤਾਂ ਦੇ ਕੇਸਾਂ ਦੀ ਪੈਰਵੀ ਕਰਦੇ ਚਲੇ ਆ ਰਹੇ ਐਡਵੋਕੇਟ ਸ ਐਚ ਐਸ ਫੂਲਕਾ ਦੇ ਨਾਲ ਫ਼ੋਨ ਪੁਰ ਗਲ ਕੀਤੀ ਤੇ ਉਨ੍ਹਾਂ ਨੂੰ ਕਿਹਾ ਕਿ ਇਸ ਮਾਮਲੇ ਨੂੰ ਬਹੁਤ ਹੀ ਗੰਭੀਰਤਾ ਦੇ ਨਾਲ ਲੈ ਕੇ ਲੜਿਆ ਜਾਣਾ ਚਾਹੀਦਾ ਹੈ, ਤਾਂ ਜੋ ਇਕ ਮੁਖ ਦੋਸ਼ੀ ਨੂੰ ਸਜ਼ਾ ਦੁਆਉਣ ਦਾ ਜੋ ਮੌਕਾ ਬਣਿਆ ਹੈ, ਉਹ ਹਥੋਂ ਨਾ ਨਿਕਲ ਜਾਏ। ਇਸਦੇ ਲਈ ਉਨ੍ਹਾਂ ਨੂੰ ਕਿਸੇ ਕਿਸਮ ਦੀ, ਜਿਵੇਂ ਸੀਨੀਅਰ ਐਡਵੋਕੇਟਾਂ ਦੀਆਂ ਸੇਵਾਵਾਂ ਹਾਸਲ ਕਰਨ, ਜਾਂ ਕਿਸੇ ਕਾਗਜ਼-ਪਤ੍ਰ ਆਦਿ ਪੁਰ ਦਸਤਖ਼ਤ ਕਰਨ-ਕਰਾਉਣ ਜਾਂ ਕਿਸੇ ਵੀ ਤਰ੍ਹਾਂ ਦੀ ਹੋਰ ਮਦਦ ਜਾਂ ਸਹਿਯੋਗ ਦੀ ਲੋੜ ਹੋਵੇ, ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਹਿਲਾਂ ਵਾਂਗ ਹੀ ਪੂਰਣ ਸਹਿਯੋਗ ਦਿਤਾ ਜਾਂਦਾ ਰਹੇਗਾ। ਸ ਸਰਨਾ ਨੇ ਕਿਹਾ ਕਿ ਉਹ ਨਵੰਬਰ-84 ਦੇ ਦੋਸ਼ੀਆਂ ਨੂੰ ਸਜ਼ਾ ਦੁਆਉਣ ਦੇ ਮੁਦੇ ਤੇ ਸ਼ੁਰੂ ਤੋਂ ਹੀ ਬਹਤ ਗੰਭੀਰ ਚਲਦੇ ਆ ਰਹੇ ਹਨ। ਉਨ੍ਹਾਂ ਦਸਿਆ ਕਿ ਦੋਸ਼ੀਆਂ ਦੇ ਵਿਰੁਧ ਮਾਮਲਿਆਂ ਦੀ ਪੈਰਵੀ ਕਰਨ ਦੇ ਲਈ ਦਿਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਐਡਵੋਕੇਟ ਸ ਫੂਲਕਾ ਦੀ ਅਗਵਾਈ ਵਿਚ ਇਕ ਕਮੇਟੀ ਬਣਾਈ ਗਈ ਹੈ, ਜਿਸਨੂੰ ਕਮੇਟੀ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਦਿਤਾ ਜਾਂਦਾ ਰਿਹਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਇਸ ਮਾਮਲੇ ਵਿਚ ਬਿਆਨਾਂ ਪੁਰ ਨਹੀਂ, ਸਗੋਂ ਅਮਲੀ ਸਹਿਯੋਗ ਕਰਨ ਵਿਚ ਵਿਸ਼ਵਾਸ ਕਰਦੇ ਹਨ। ਉਹ ਚਾਹੁੰਦੇ ਹਨ ਕਿ ਸਿਖਾਂ ਦੇ ਹਤਿਆ-ਕਾਂਡ ਦੇ ਦੋਸ਼ੀਆਂ ਨੂੰ ਹਰ ਹਾਲਤ ਵਿਚ ਸਜ਼ਾ ਮਿਲੇ, ਕਿਉਂਕਿ ਉਨ੍ਹਾਂ ਨੇ ਬੇਗੁਨਾਹ ਸਿਖਾਂ ਦੇ ਕਤਲਾਂ ਦਾ ਅਜਿਹਾ ਗੁਨਾਹ ਕੀਤਾ ਹੈ, ਜੋ ਕਦੀ ਵੀ ਬਖ਼ਸ਼ਿਆ ਨਹੀਂ ਜਾ ਸਕਦਾ।। ਉਹ ਇਸ ਉਦੇਸ਼ ਲਈ ਦਿਤੇ ਜਾ ਰਹੇ ਸਹਿਯੋਗ ਦੀ ਰਾਜਨੈਤਿਕ ਵਰਤੋਂ ਕੀਤੇ ਜਾਣ ਦੇ ਹਕ ਵਿਚ ਨਹੀਂ ਹਨ, ਕਿਉਂਕਿ ਇਹ ਸਮੁਚੇ ਸਿਖ-ਜਗਤ ਦਾ ਭਾਵਨਾਤਮਕ ਮੁਦਾ ਹੈ, ਜਿਸਦੀ ਰਾਜਸੀ ਸੁਆਰਥ ਲਈ ਵਰਤੋਂ ਕੀਤਾ ਜਾਣਾ, ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ।

# 11 ਨਵਜੰਮੀਆਂ ਬੱਚੀਆਂ ਦੀ ਲੋਹੜੀ ਮਨਾਈ

ਪੰਜਗਰਾਈਂ, 16 ਜਨਵਰੀ (ਜਸਕਰਨ ਜੀਦਾ)-ਸਥਾਨਕ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਜਗਜੀਤ ਸਿੰਘ ਚਾਹਲ ਦੀ ਸਰਪ੍ਰਸਤੀ ਹੇਠ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪੰਜਗਰਾਈਂ ਕਲਾਂ ਵਿਖੇ ਐਨ.ਐਸ.ਐਸ. ਯੂਨਿਟ ਵੱਲੋਂ 105 ਵਲੰਟੀਅਰਾਂ ਵੱਲੋਂ ਇੱਕ ਰੋਜ਼ਾ ਲੋਹੜੀ ਸਪੈਸ਼ਲ ਕੈਂਪ ਕਮਾਂਡੈਂਟ ਮੈਡਮ ਸਗੀਤਾ ਦੀ ਅਗਵਾਈ ਹੇਠ ਲਾਇਆ ਗਿਆ। ਇਸ ਕੈਂਪ ਦੌਰਾਨ ਸਕੂਲ ਦੀ ਸਫਾਈ ਕੀਤੀ ਗਈ। ਦੁਪਹਿਰ ਤੋਂ ਬਾਅਦ ਸਕੂਲ ਦੇ ਵਿਹੜੇ ਵਿੱਚ 11 ਨਵਜੰਮੀਆਂ ਕੁੜੀਆਂ ਦੀ ਸਪੈਸ਼ਲ ਲੋਹੜੀ ਮਨਾਈ ਗਈ। ਸੱਭਿਆਚਾਰਕ ਗੀਤ ਸੰਗੀਤ ਪੇਸ਼ ਕੀਤਾ ਗਿਆ। ਖਾਣ ਦੀ ਸਮੱਗਰੀ ਵੰਡੀ ਗਈ। ਉੱਘ ਕਾਲਮ ਨਵੀਸ, ਕਹਾਣੀਕਾਰ ਤੇ ਕਾਂਗਰਸੀ ਆਗੂ ਜਸਪਾਲ ਪੰਜਗਰਾਈਂ ਦੇ ਸਹਿਯੋਗ ਨਾਲ ਤੋਹਫੇ ਭੇਂਟ ਕੀਤੇ ਗਏ। ਸਾਈਕਲ ਤੇ ਆਉਣ ਵਾਲੀਆਂ ਛੋਟੀਆਂ ਬੱਚੀਆਂ ਨੂੰ ਮੈਡਮ ਸੰਗੀਤਾ, ਪ੍ਰਿੰਸੀਪਲ ਇੰਦਰਜੀਤ ਕੌਰ ਤੇ ਜਸਪਾਲ ਪੰਜਗਰਾਈਂ ਨੇ ਦਸਤਾਨੇ ਵੰਡੇ। ਇਸ ਦੌਰਾਨ ਵਿਦਿਆਰਥਣਾਂ ਨੇ ਮਿਲ-ਜੁਲ ਕੇ ਲੋਹੜੀ ਦੀ ਖੁਸ਼ੀ ਵਿੱਚ ਖੂਬ ਗਿੱਧਾ ਭੰਗੜਾ ਪਾਇਆ। ਅਖੀਰ ਵਿੱਚ ਮੈਡਮ ਸੰਗੀਤਾ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਭਰੂਣ ਹੱਤਿਆ ਤੇ ਆਪਣੇ ਵਿਚਾਰ ਪੇਸ਼ ਕੀਤੇ। ਸਕੂਲ ਦਾ ਸਮੂਹ ਸਟਾਫ ਮੌਕੇ ਤੇ ਹਾਜਰ ਸੀ।

# ਕੀ ਕੈਪਟਨ ਅਮਰਿੰਦਰ ਸਿੰਘ ਨੂੰ ਬਲਾਤਕਾਰ ਦੇ ਕੇਸ ਵਿੱਚ ਫਸਾਇਆ ਜਾ ਰਿਹੈ

ਚੰਡੀਗੜ੍ਹ, 16 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਅਜਿਹਾ ਲੱਗਦਾ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਇੱਕ ਬਲਾਤਕਾਰ ਦੇ ਮਾਮਲੇ ਵਿੱਚ ਫਸਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਪੁਲਿਸ ਇਸ ਮਾਮਲੇ ਦੀ ਜਾਂਚ ਕਰਕੇ ਰਿਪੋਰਟ ਹਾਈਕੋਰਟ ਵਿੱਚ ਇਕ ਤਰ੍ਹਾਂ ਦੀ ਪੇਸ਼ ਕਰਨਾ ਚਾਹੁੰਦੀ ਹੈ। ਜਿਸ ਵਿੱਚ ਕੈਪਟਨ ਅਮਰਿੰਦਰ ਸਿੰਘ ਫਸ ਜਾਵੇ। ਬਲਾਤਕਾਰ ਦੇ ਦੋਸ਼ਾਂ ਵਿੱਚ ਹੁਣ ਤੱਕ ਦੀ ਪੁਲਿਸ ਜਾਂਚ ਪੜਤਾਲ ਤੋਂ ਘੱਟ ਤੋਂ ਘੱਟ ਅਜਿਹਾ ਲੱਗ ਰਿਹਾ ਹੈ ਕਿ ਉਹ ਫਸਾਉਣ ਜਾਣ ਦਾ ਮਾਮਲਾ ਹੈ। ਸ਼ਿਕਾਇਤ ਕਰਨ ਵਾਲੀ ਔਰਤ ਦਾ ਅੱਜ ਤੱਕ ਕੋਈ ਪਤਾ ਨਹੀਂ ਲੱਗਿਆ। ਪੁਲਿਸ ਦੀ ਮੁੱਢਲੀ ਜਾਂਚ ਦਾ ਇਹੀ ਇਸ਼ਾਰਾ ਹੈ ਕਿ ਉਸ ਨੂੰ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਬਿਆਨ ਦੇਣ ਲਈ ਧਮਕਾਇਆ ਗਿਆ ਹੈ। ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਹ ਪ੍ਰੈਸ ਕਾਨਫਰੰਸ ਜਲੰਧਰ ਕੀਤੀ ਸੀ, ਉਸ ਵਿੱਚ ਬਲਾਤਕਾਰ ਦੇ ਦੋਸ਼ ਲਗਾਏ ਹਨ। ਪ੍ਰਬੰਧ ਸ਼ਮਸ਼ੇਰ ਸਿੰਘ ਜਖੇੜਾ ਜਿਸ ਨੇ ਕੀਤਾ ਸੀ, ਉਹ ਖੁਦ ਲੁਧਿਆਣਾ ਵਿੱਚ ਇੱਕ ਬਲਾਤਕਾਰ ਦੇ ਕੇਸ ਵਿੱਚ ਦੋਸ਼ੀ ਹੈ। ਉਸ ਪਾਸ ਤੋਂ ਪੁਲਿਸ ਨੇ ਇੱਕ ਹੀ ਨਾਂਅ ਤੇ ਦੋ ਤਿੰਨ ਪਾਸਪੋਰਟ ਵੀ ਬਰਾਮਦ ਕੀਤੇ ਸਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਨੇ ਜਾਂਚ ਵਿੱਚ ਸ਼ਾਮਲ ਹੋਣ ਤੋਂ ਮਨ੍ਹਾਂ ਕਰ ਦਿੱਤਾ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਹਮਣੇ ਪੇਸ਼ ਕੀਤੀ ਗਈ ਰਿਪੋਰਟ ਵਿੱਚ ਲੁਧਿਆਣਾ ਦੇ ਐਸ.ਐਸ.ਪੀ.ਡਾ. ਸੁਖਚੈਨ ਸਿੰਘ ਗਿੱਲ ਨੇ ਇਹ ਗੱਲ ਕਹੀ ਹੈ ਕਿ ਬਹੁਤੇ ਯਤਨਾਂ ਦੇ ਬਾਵਜੂਦ ਸ਼ਿਕਾਇਤ ਕਰਨ ਵਾਲੀ ਔਰਤ ਦਾ ਪਤਾ ਨਹੀਂ ਲੱਗ ਸਕਿਆ, ਮਗਰ ਉਸ ਦੀ ਮਾਂ ਅਤੇ ਭੈਣ ਨੂੰ ਜਾਂਚ ਵਿੱਚ ਸ਼ਾਮਲ ਕੀਤਾ ਗਿਆ ਹੈ। ਸ਼ਿਕਾਇਤ ਕਰਨ ਵਾਲੀ ਔਰਤ ਦੀ ਮਾਂ ਨੇ ਪੁਲਿਸ ਨੂੰ ਦੱਸਿਆ ਹੈ ਕਿ 15 ਨਵੰਬਰ ਨੂੰ ਪੀੜ੍ਹਤ ਔਰਤ ਨੇ ਉਸ ਨਾਲ ਗੱਲ ਕੀਤੀ। ਉਸ ਦਾ ਕਹਿਣਾ ਸੀ ਕਿ ਉਸ ਦਾ ਬਿਆਨ ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਪ੍ਰੈਸ ਵਿੱਚ ਰਿਕਾਰਡ ਹੋਇਆ ਹੈ। ਸ਼ਿਕਾਇਤ ਕਰਨ ਵਾਲੀ ਦਾ ਕਹਿਣਾ ਹੈ ਕਿ ਉਸ ਨੂੰ ਧਮਕੀ ਦਿੱਤੀ ਗਈ ਸੀ ਕਿ ਅਗਰ ਉਸ ਨੇ ਸਾਬਕਾ ਮੁੱਖ ਮੰਤਰੀ ਵਿਰੁੱਧ ਬਿਆਨ ਨਾ ਦਿੱਤਾ ਤਾਂ ਉਸ ਦੇ ਪਰਿਵਾਰ ਨੂੰ ਮਾਰ ਦਿੱਤਾ ਜਾਵੇਗਾ, ਫਿਰ ਉਸ ਨੂੰ ਨਸ਼ੀਲਾ ਪਦਾਰਥ ਦੇ ਕੇ ਖਾਲੀ ਕਾਗਜਾਂ ਤੇ ਉਸਦੇ ਦਸਤਖਤ ਲਏ ਗਏ ਸੀ। ਐਸ.ਐਸ.ਪੀ. ਦੇ ਅਨੁਸਾਰ ਸ਼ਿਕਾਇਤ ਕਰਨ ਵਾਲੀ ਔਰਤ ਜਾਂ ਉਸ ਦੇ ਕਿਸੇ ਪਰਿਵਾਰ ਦੇ ਮੈਂਬਰ ਨਾ ਤਾਂ ਸਾਲ 2006 ਵਿੱਚ ਅਤੇ ਨਾ ਹੀ ਹੁਣ ਤੱਕ ਦੀ ਤਾਰੀਖ ਵਿੱਚ ਬਲਾਤਕਾਰ ਕਰਨ ਦੇ ਬਾਰੇ ਵਿੱਚ ਸ਼ਿਕਾਇਤ ਹੀ ਕੀਤੀ ਗਈ ਹੈ।

ਇੰਨਾ ਹੀ ਨਹੀਂ ਪ੍ਰੈਸ ਕਾਨਫਰੰਸ ਵਿੱਚ ਜੋ ਉਸ ਨੇ ਹਲਫੀਆ ਬਿਆਨ ਤੇ ਆਪਣਾ ਐਡਰੈਸ ਦਿੱਤਾ, ਜਾਅਲੀ ਪਾਇਆ ਗਿਆ। ਜਸਟਿਸ ਐਮ.ਐਮ.ਬੇਦੀ ਦੇ ਸਾਹਮਣੇ ਪੇਸ਼ ਕੀਤੀ ਗਈ। ਉਕਤ ਰਿਪੋਰਟ ਵਿੱਚ ਕਾਂਗਰਸ ਦੇ ਵਰਕਰਾਂ ਅਤੇ ਇੱਕ ਸਾਬਕਾ ਪ੍ਰਧਾਨ ਦਾ ਬਿਆਨ ਦਰਜ ਕਰਨ ਦੀ ਵੀ ਗੱਲ ਕੀਤੀ ਗਈ ਹੈ। ਉਨ੍ਹਾਂ ਨੇ ਅਜਿਹੇ ਕਿਸੇ ਵੀ ਬਲਾਤਕਾਰ ਦੀ ਘਟਨਾ ਤੋਂ ਇਨਕਾਰ ਕੀਤਾ ਹੈ। ਡਾ. ਗਿੱਲ ਨੇ ਹਾਈਕੋਰਟ ਨੂੰ ਬੇਨਤੀ ਕੀਤੀ ਹੈ ਕਿ ਜਾਂਚ ਲਈ ਉਨ੍ਹਾਂ ਨੂੰ ਹੋਰ ਸਮਾਂ ਦਿੱਤਾ ਜਾਵੇ ਅਤੇ ਸੰਤ ਜਖੇੜਾ ਨੂੰ ਨਿਰਦੇਸ਼ ਦਿੱਤਾ ਜਾਵੇ ਕਿ ਉਹ ਜਾਂਚ ਵਿੱਚ ਸ਼ਾਮਲ ਹੋਵੇ। ਮਾਮਲੇ ਦੀ ਅਗਲੀ ਸੁਣਵਾਈ ਹੁਣ 22 ਜਨਵਰੀ ਨੂੰ ਹੋਵੇਗੀ।

# ...ਬਸ 1 ਮਿੰਟ

## ਸਲਮਾਨ ਦੀ ਪ੍ਰੈਸ ਕਾਨਫਰੰਸ 'ਚ ਹੰਗਾਮਾ, 4 ਜ਼ਖਮੀ

*ਹੈਦਰਾਬਾਦ, 16 ਜਨਵਰੀ (ਵਿਸ਼ਵ ਵਾਰਤਾ)-ਫਿਲਮ 'ਵੀਰ' ਦੇ ਪ੍ਰਚਾਰ ਲਈ ਹੈਦਰਾਬਾਦ ਪਹੁੰਚੇ ਬਾਲੀਵੁੱਡ ਦੇ ਅਭਿਨੇਤਾ ਸਲਮਾਨ ਖਾਨ ਦੀ ਪ੍ਰੈਸ ਕਾਨਫਰੰਸ ਦੌਰਾਨ ਹੋਏ ਹੰਗਾਮੇ ਵਿਚ ਚਾਰ ਲੋਕ ਜ਼ਖਮੀ ਹੋ ਗਏ। ਜਾਣਕਾਰੀ ਅਨੁਸਾਰ ਸਲਮਾਨ ਖਾਨ 22 ਜਨਵਰੀ ਨੂੰ ਰਿਲੀਜ਼ ਹੋਣ ਵਾਲੀ ਆਪਣੀ ਨਵੀਂ ਫਿਲਮ ਵੀਰ ਦੇ ਪ੍ਰਚਾਰ ਲਈ ਇਥੇ ਆਏ ਹੋਏ ਸਨ। ਉਨ੍ਹਾਂ ਦੇ ਨਾਲ ਫਿਲਮ ਦੀ ਅਭਿਨੇਤਰੀ ਜ਼ਰੀਨ ਖਾਨ ਵੀ ਹੈ। ਇਕ ਮਾਲ ਵਿਚ ਉਨ੍ਹਾਂ ਦੀ ਪ੍ਰੈਸ ਕਾਨਫਰੰਸ ਆਯੋਜਤ ਕੀਤੀ ਗਈ ਸੀ। ਆਪਣੇ ਸਟਾਰ ਸਲਮਾਨ ਦੀ ਸਿਰਫ ਇਕ ਝਲਕ ਪਾਉਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਥੇ ਪਹੁੰਚੇ ਹੋਏ ਸਨ, ਪਰ ਧੱਕਾਮੁੱਕੀ ਹੋਣ ਕਾਰਨ ਹੰਗਾਮਾ ਮਚ ਗਿਆ, ਜਿਸ ਵਿਚ ਚਾਰ ਵਿਅਕਤੀ ਜ਼ਖਮੀ ਹੋ ਗਏ।*

## ਬੰਗਲਾਦੇਸ਼ ਇਕ ਸਧਾਰਨ ਟੈਸਟ ਟੀਮ-ਸਹਿਵਾਗ

*ਚਟਗਾਉ, 16 ਜਨਵਰੀ (ਵਿਸ਼ਵ ਵਾਰਤਾ)-ਭਾਰਤੀ ਉਪ ਕਪਤਾਨ ਵਰਿੰਦਰ ਸਹਿਵਾਗ ਨੇ ਬੰਗਲਾਦੇਸ਼ ਖਿਲਾਫ਼ ਐਤਵਾਰ ਤੋਂ ਸ਼ੁਰੂ ਹੋਣ ਵਾਲੀ ਟੈਸਟ ਸੀਰੀਜ਼ ਦੇ ਪਹਿਲੇ ਦਿਨ ਅੱਜ ਮੇਜ਼ਬਾਨ ਟੀਮ ਨੂੰ ਸਧਾਰਨ ਟੈਸਟ ਟੀਮ ਕਰਾਰ ਦੇ ਦਿੱਤਾ। ਸਹਿਵਾਗ ਨੇ ਕਿਹਾ ਕਿ ਬੰਗਲਾਦੇਸ਼ ਦੀ ਟੀਮ ਇਕ ਦਿਵਸੀ ਮੈਚਾਂ ਵਿਚ ਹਰ ਟੀਮਾਂ ਨੂੰ ਹਰਾ ਸਕਦੀ ਹੈ, ਪਰ ਟੈਸਟ ਮੈਚਾਂ ਵਿਚ ਨਹੀਂ। ਉਹ ਟੈਸਟ ਮੈਚਾਂ ਵਿਚ ਇਕ ਸਧਾਰਨ ਟੀਮ ਹੈ। ਉਨ੍ਹਾਂ ਕਿਹਾ ਕਿ ਟੈਸਟ ਮੈਚਾਂ ਵਿਚ ਸਚਿਨ, ਲਕਸ਼ਮਣ ਤੇ ਦ੍ਰਾਵਿੜ ਦੇ ਆਉਣ ਨਾਲ ਟੀਮ ਨੂੰ ਹੋਰ ਮਜ਼ਬੂਤੀ ਮਿਲੇਗੀ। ਦੂਸਰੇ ਪਾਸੇ ਬੰਗਲਾਦੇਸ਼ ਦੇ ਕਪਤਾਨ ਸ਼ਾਕਿਬ ਅਲ ਹਸਨ ਨੇ ਸਹਿਵਾਗ ਦੇ ਉਨ੍ਹਾਂ ਦੀ ਟੀਮ ਨੂੰ ਇਕ ਸਧਾਰਨ ਟੀਮ ਕਹਿਣ ਦੀ ਟਿਪਣੀ ਦਾ ਜਵਾਬ ਦਿੰਦਿਆਂ ਕਿਹਾ ਕਿ ਆਸਟ੍ਰੇਲੀਆ ਅਤੇ ਦੱਖਣੀ ਅਫਰੀਕਾ ਵਿਸ਼ਵ ਰੈਂਕਿੰਗ ਵਿਚ ਚੋਟੀ 'ਤੇ ਕਾਬਜ਼ ਭਾਰਤ ਤੋਂ ਕਿਤੇ ਬਿਹਤਰ ਹਨ। ਉਨ੍ਹਾਂ ਕਿਹਾ ਕਿ ਸਹਿਵਾਗ ਨੇ ਜੋ ਕਿਹਾ ਮੈਂ ਉਸ ਉਤੇ ਟਿਪਣੀ ਨਹੀਂ ਕਰਨਾ ਚਾਹੁੰਦਾ। ਅਸੀਂ ਸਿਰਫ ਕ੍ਰਿਕਟ 'ਤੇ ਧਿਆਨ ਲਗਾਉਣਾ ਚਾਹੁੰਦੇ ਹਾਂ।*

## ਜਸਵੰਤ ਸਿੰਘ 'ਸ਼ਾਂਤੀ ਦੇ ਦੂਤ' ਸਨਮਾਨ ਨਾਲ ਨਿਵਾਜੇ ਗਏ

*ਲੰਦਨ, 16 ਜਨਵਰੀ (ਵਿਸ਼ਵ ਵਾਰਤਾ)-ਆਪਣੀ ਕਿਤਾਬ ਵਿਚ ਮੁਹੰਮਦ ਅਲੀ ਜਿਨਾਹ ਦੀ ਪ੍ਰਸ਼ੰਸਾ ਕਰਨ ਕਾਰਨ ਭਾਜਪਾ ਤੋਂ ਕੱਢੇ ਗਏ ਸਾਬਕਾ ਵਿਦੇਸ਼ ਮੰਤਰੀ ਜਸਵੰਤ ਸਿੰਘ ਨੂੰ ਦੱਖਣੀ ਏਸ਼ੀਆਈ ਖੇਤਰ ਵਿਚ ਸ਼ਾਂਤੀ ਦੇ ਦੂਤ ਸਨਮਾਨ ਨਾਲ ਨਿਵਾਜਿਆ ਗਿਆ ਹੈ। ਲੰਦਨ ਸਥਿਤ ਸੰਗਠਨ ਪੀਸ ਇੰਟਰਨੈਸ਼ਨਲ ਨੇ ਦੱਖਣੀ ਏਸ਼ੀਆ ਵਿਚ ਸ਼ਾਂਤੀ ਬਹਾਲੀ ਦੀਆਂ ਕੋਸ਼ਿਸ਼ਾਂ ਦੇ ਤਹਿਤ ਜਸਵੰਤ ਸਿੰਘ ਨੂੰ ਇਹ ਸਨਮਾਨ ਦਿੱਤਾ ਹੈ। ਪੀਸ ਇੰਟਰਨੈਸ਼ਨਲ ਦੇ ਪ੍ਰਧਾਨ ਜਾਵੇਦ ਰਜਾ ਨੇ ਜਸਵੰਤ ਸਿੰਘ ਨੂੰ ਕੱਲ੍ਹ ਸ਼ਾਮ ਇਸ ਸਨਮਾਨ ਨਾਲ ਨਿਵਾਜਿਆ। ਇਸ ਮੌਕੇ ਜਸਵੰਤ ਸਿੰਘ ਨੇ ਕਿਹਾ ਕਿ ਇਹ ਮੇਰੇ ਲਈ ਇਕ ਦੁਰਲੱਭ ਸਨਮਾਨ ਹੈ ਅਤੇ ਉਨ੍ਹਾਂ ਕਿਹਾ ਕਿ ਉਹ ਦੱਖਣੀ ਏਸ਼ੀਆ ਦੇ ਬਹੁਤ ਹੀ ਸਧਾਰਨ ਹੀ ਨਾਗਰਿਕ ਹਨ। ਉਨ੍ਹਾਂ ਕਿਹਾ ਕਿ ਉਹ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਵਿਚਾਲੇ ਸ਼ਾਂਤੀ ਅਤੇ ਮਿੱਤਰਤਾ ਵਾਲੇ ਸਬੰਧ ਕਾਇਮ ਕਰਨਗੇ।*

## ਜੋਤੀ ਬਾਸੂ ਦੀ ਹਾਲਤ ਅਤਿਅੰਤ ਗੰਭੀਰ

*ਕੋਲਕਾਤਾ, 16 ਜਨਵਰੀ (ਵਿਸ਼ਵ ਵਾਰਤਾ)-ਬਜ਼ੁਰਗ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਜੋਤੀ ਬਾਸੂ ਦੇ ਅੰਗਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਹੈ, ਜਿਸ ਕਾਰਨ ਉਨ੍ਹਾਂ ਦੀ ਤਬੀਅਤ ਪਹਿਲਾਂ ਨਾਲੋਂ ਵਿਗੜ ਗਈ ਹੈ। ਬਾਸੂ ਦੇ ਬਾਰੇ ਜਾਰੀ ਮੈਡੀਕਲ ਬੁਲੇਟਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਹਾਲਤ ਬਹੁਤ ਜ਼ਿਆਦਾ ਗੰਭੀਰ ਹੋ ਗਈ ਹੈ ਅਤੇ ਉਨ੍ਹਾਂ ਦੀ ਜ਼ਿੰਦਗੀ ਬਚਾਉਣ ਲਈ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਕਰਕੇ ਉਨ੍ਹਾਂ ਦੇ ਡਾਯਲਿਸਿਸ ਦੇ ਤਰੀਕੇ ਵਿਚ ਤਬਦੀਲੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਹ ਪਲਿਾਂ ਹੇਮੋ ਡਾਇਲਿਸਸ 'ਤੇ ਸਨ ਪਰ ਉਨ੍ਹਾਂ ਦਾ ਸਲੋ ਲੋ ਇਫਿਸ਼ਿਐਂਸੀ ਡੇਲੀ ਡਾਯਲਿਸਿਸ ਹੋਵੇਗਾ।*

## ਵਿਸ਼ਾਲ ਕਿਸਾਨ ਰੈਲੀ 18 ਨੂੰ

*ਸੰਗਰੂਰ, 16 ਜਨਵਰੀ (ਛਾਜਲੀ)-18 ਜਨਵਰੀ ਨੂੰ ਪਿੰਡ ਘਰਾਚੋਂ ਵਿਖੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲੀ) ਦੀ ਵਿਸ਼ਾਲ ਕਿਸਾਨ ਰੈਲੀ ਜੱਥੇਬੰਦੀ ਦੇ ਭਵਾਨੀਗੜ੍ਹ ਬਲਾਕ ਵਿੱਚ ਕੀਤੀ ਜਾ ਰਹੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਸ. ਬਲਬੀਰ ਸਿੰਘ ਰਜੇਵਾਲ, ਸ. ਗੁਰਮੀਤ ਸਿੰਘ ਕਪਿਆਲ, ਉਂਕਾਰ ਆਦਿ ਸੀਨੀਅਰ ਨੇਤਾ ਰੈਲੀ ਨੂੰ ਸੰਬੋਧਨ ਕਰਨਗੇ। ਭਾਰਤੀ ਕਿਸਾਨ ਯੂਨੀਅਨ ਦੇ ਹਜਾਰਾਂ ਵਰਕਰ ਇਸ ਰੈਲੀ ਵਿੱਚ ਸ਼ਿਰਕਤ ਕਰਨਗੇ ਅਤੇ 10 ਮਾਰਚ ਨੂੰ ਦਿੱਲੀ ਪਾਰਲੀਮੈਂਟ ਦਾ ਘਿਰਾਓ ਵੀ ਕੀਤਾ ਜਾਵੇਗਾ।*

## ਦੋਵੇਂ ਮੀਤ ਪ੍ਰਧਾਨਾਂ ਦੀ ਤਾਜਪੋਸ਼ੀ 18 ਨੂੰ

*ਸੰਗਰੂਰ, 16 ਜਨਵਰੀ (ਛਾਜਲੀ)-ਨਗਰ ਕੌਂਸਲ ਸੰਗਰੂਰ ਦੇ ਬਣੇ ਸੀਨੀਅਰ ਮੀਤ ਪ੍ਰਧਾਨ ਸ੍ਰੀ ਦੀਪਕ ਅਗਰਵਾਲ ਅਤੇ ਜੂਨੀਅਰ ਮੀਤ ਪ੍ਰਧਾਨ ਸ੍ਰੀਮਤੀ ਭਾਗਵੰਤੀ ਦੀ ਦਫਤਰ ਲਈ ਨਗਰ ਕੌਂਸਲ ਵਿਖੇ ਵੱਖਰਾ ਕਮਰਾ ਅਲਾਟ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਪ੍ਰਧਾਨਾਂ ਦੇ ਦਫਤਰ ਦੇ ਬਾਹਰ ਦੋਵੇਂ ਮੀਤ ਪ੍ਰਧਾਨਾਂ ਦੀਆਂ ਨੇਮ ਪਲੇਟਾਂ ਲੱਗ ਜਾਂਦੀਆਂ ਸਨ, ਪਰ ਉਨ੍ਹਾਂ ਲਈ ਵਿਸ਼ੇਸ਼ ਕੁਰਸੀ ਨਹੀਂ ਹੁੰਦੀ ਸੀ। ਹੁਣ ਦੋਵੇਂ ਮੀਤ ਪ੍ਰਧਾਨਾਂ ਲਈ ਨਗਰ ਕੌਂਸਲ ਦੇ ਅੰਦਰ ਵੜਦਿਆਂ ਹੀ ਸਾਹਮਣੇ ਵਾਲਾ ਕਮਰਾ ਅਲਾਟ ਕੀਤਾ ਜਾ ਰਿਹਾ ਹੈ। ਦੋਵੇਂ ਮੀਤ ਪ੍ਰਧਾਨਾਂ ਦੀ ਤਾਜਪੋਸ਼ੀ 18 ਜਨਵਰੀ ਨੂੰ ਕੀਤੀ ਜਾ ਰਹੀ ਹੈ।*

## ਨੀਤੀਗਤ ਫੈਸਲਾ ਲੈਣ ਲਈ ਅਹਿਮ ਮੀਟਿੰਗ ਅੱਜ-ਸਤੀਸ਼ ਭਾਰਤੀ

*ਜਲੰਧਰ, 16 ਜਨਵਰੀ (ਪ.ਪ.)-ਸ੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ ਦੇ ਕਨਵੀਨਰ ਸ੍ਰੀ ਸਤੀਸ਼ ਕੁਮਾਰ ਭਾਰਤੀ ਨੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਸਮੇਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਪ੍ਰਤੀਨਿਧਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਸ੍ਰੀ ਸਤੀਸ਼ ਭਾਰਤੀ ਨੇ ਅੱਗੇ ਆਖਿਆ ਕਿ 'ਮੂਲ ਭਾਰਤੀ ਸਮਾਜ' ਨੂੰ ਨਫਰਤ ਤੇ ਨਾਬਰਾਬਰੀ ਵਾਲੀ ਧਾਰਮਿਕ ਗੁਲਾਮੀ ਤੋਂ ਨਿਜਾਤ ਦਿਵਾਉਣ ਲਈ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੀ ਇੱਕ ਵਿਸ਼ੇਸ਼ ਮੀਟਿੰਗ 17 ਜਨਵਰੀ ਨੂੰ ਸਵੇਰੇ 10 ਵਜੇ ਜੇ.ਕੇ. ਪੈਲੇਸ, ਕਾਪੀ ਪਿੰਡ ਹੁਸ਼ਿਆਰਪੁਰ ਰੋਡ ਰਾਮਾਮੰਡੀ ਵਿਖੇ ਰੱਖੀ ਹੈ, ਜਿਸ ਵਿੱਚ ਦਲਿਤਾਂ ਤੇ ਪਿੱਛੜੇ ਵਰਗਾਂ ਦਾ ਧਾਰਮਿਕ ਪਹਿਚਾਣ ਬਣਾਉਣ ਲਈ ਨੀਤੀਗਤ ਫੈਸਲਾ ਲਿਆ ਜਾਵੇਗਾ।*

## ਪਤਨੀ 'ਤੇ ਕਿਸੇ ਹੋਰ ਨਾਲ ਵਿਆਹ ਕਰਵਾ ਕੇ ਧੀ ਸਮੇਤ ਵਿਦੇਸ਼ ਜਾਣ ਦਾ ਦੋਸ਼

*ਖੰਨਾ, 16 ਜਨਵਰੀ (ਪਰਮਜੀਤ ਧੀਮਾਨ)-ਪਰਦੀਪ ਕੁਮਾਰ ਅੰਗਰੀਸ਼ ਵਾਸੀ ਦੋਰਾਹਾ ਨੇ ਥਾਣਾ ਸਿਟੀ ਪੁਲਿਸ ਕੋਲ ਰਿਪੋਰਟ ਦਰਜ ਕਰਵਾਈ ਹੈ ਕਿ ਉਸ ਦਾ ਵਿਆਹ ਖੰਨਾ ਦੀ ਨੰਦੀ ਕਾਲੋਨੀ ਦੇ ਰਤਨ ਲਾਲ ਸ਼ਰਮਾ ਦੀ ਪੁੱਤਰੀ ਨਾਲ ਜੋਤੀ ਨਾਲ ਹੋਇਆ ਸੀ। ਉਨ੍ਹਾਂ ਦੀ ਇੱਕ ਲੜਕੀ ਵੀ ਹੈ। ਉਸ ਨੇ ਦੱਸਿਆ ਕਿ 17-9-2009 ਤੋਂ ਨੰਦੀ ਕਾਲੋਨੀ ਲਲਹੇੜੀ ਰੋਡ ਖੰਨਾ ਵਿੱਚ ਉਸ ਦੀ ਘਰ ਵਾਲੀ ਉਸ ਨੂੰ ਬਿਨਾਂ ਤਲਾਕ ਦਿੱਤਿਆਂ ਆਪਣੀ ਮਾਤਾ ਸਕੁੰਤਲਾ ਅਤੇ ਪਿਤਾ ਰਤਨ ਲਾਲ ਸ਼ਰਮਾ ਦੀ ਸ਼ਹਿ 'ਤੇ ਦੋਸ਼ੀ ਬਲਜਿੰਦਰ ਸਿੰਘ ਪੁੱਤਰ ਬਲਜਿੰਦਰ ਨਾਲ ਵਿਆਹ ਕਰਵਾ ਕੇ ਉਸਦੀ ਲੜਕੀ ਏਂਜਲਾ (ਨਬਾਲਗ) ਨੂੰ ਲੈ ਕੇ ਵਿਦੇਸ਼ ਚਲੀ ਗਈ ਹੈ। ਇਤਨਾ ਹੀ ਨਹੀਂ, ਉਸ ਨੇ ਆਪਣੀ ਲੜਕੀ ਦੇ ਨਾਂਅ 'ਤੇ ਤਿੰਨ ਲੱਖ ਰੁਪਏ ਦੀ ਐਫ.ਡੀ. ਵੀ ਕਰਵਾਈ ਹੋਈ ਸੀ। ਜੋ ਕਿ ਉਸ ਦੀ ਮਰਜ਼ੀ ਤੋਂ ਬਿਨਾਂ ਹੀ ਕੈਸ਼ ਕਰਵਾ ਲਈ ਸੀ। ਥਾਣਾ ਸਿਟੀ ਪੁਲਿਸ ਨੇ ਉਸ ਦੇ ਬਿਆਨ ਤੇ ਜੋਤੀ ਪੁੱਤਰੀ ਰਤਨ ਲਾਲ, ਰਤਨ ਲਾਲ, ਸਕੁੰਤਲਾ ਅਤੇ ਬਲਜਿੰਦਰ ਸਿੰਘ ਖਿਲਾਫ ਕੇਸ ਦਰਜ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।*

CMYK